P.O. Regn. G/CHD/0090/2021-2023 ਭੇਟਾ 10/-

# ਗੁਰਬਾਣੀ ਚਾਨਣੁ

ਅੰਕ 11 ਨਾਨਕਸ਼ਾਹੀ ਸੰਮਤ 555 ਕੱਤਕ/ਮੱਘਰ ਨਵੰਬਰ, 2023 ਸਾਲ 41

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ
ਗੁਰ ਗੱਦੀ ਨਸ਼ੀਨੀ ਗੁਰਪੁਰਬ ਦੇ ਸੰਬੰਧ ਵਿੱਚ

**19 ਨਵੰਬਰ 2023 ਦਿਨ ਐਤਵਾਰ ਨੂੰ**

# ਸਾਲਾਨਾ ਗੁਰਮਤਿ ਸਮਾਗਮ

ਸਵੇਰੇ 10.00 ਵਜੇ ਤੋਂ 02.30 ਵਜੇ ਦੁਪਹਿਰ ਤਕ

ਕਰਵਾਇਆ ਜਾ ਰਿਹਾ ਹੈ

**ਸਥਾਨ**

**'ਗੁਰਬਾਣੀ ਇਸੁ ਜਗ ਮਹਿ ਚਾਨਣੁ'**
ਪ੍ਰਚਾਰ ਤੇ ਪ੍ਰਸਾਰ ਸੰਸਥਾ

ਭਵਨ ਨੰ. 6, ਫੇਜ 3-ਏ, ਐਸ.ਏ.ਐਸ.ਨਗਰ (ਮੋਹਾਲੀ)
ਫੋਨ ਨੰ. 0172-2913729, 98156-50812

ੴ ਸਤਿਗੁਰ ਪ੍ਰਸਾਦਿ ॥

**ਤੂ ਸੁਲਤਾਨੁ ਕਹਾ ਹਉ ਮੀਆ ਤੇਰੀ ਕਵਨ ਵਡਾਈ ॥**
**ਜੋ ਤੂ ਦੇਹਿ ਸੁ ਕਹਾ ਸੁਆਮੀ ਮੈ ਮੂਰਖ ਕਹਣੁ ਨ ਜਾਈ ॥**

(ਰਾਗੁ ਬਿਲਾਵਲੁ ਮਹਲਾ ੧ ਚਉਪਦੇ ਘਰੁ ੧ ॥, ਅੰਗ-੭੯੬)


ਸੰਸਥਾ ਦੇ ਕਾਰਜਾਂ ਲਈ ਬੈਂਕ ਵਿੱਚ ਸਹਾਇਤਾ ਰਾਸ਼ੀ ਭੇਜਣ ਲਈ ਪਤਾ :

Bank A/C Name : Gurbani Iss Jag Meh Chanan
Bank Name : Panjab National Bank (Phase-1, Mohali)
Bank A/c No : 1155000100132409
IFSC Code : PUNB0040810
SWIFT Code (FOR FOREIGN REMITTENCE) : PUNBINBBMOH



Ph.No. 0172-2913729, 98156-50812 Web : www.gurbanichanan.org
E-mail : gurbanichanan1125@gmail.com



**ਬਾਨੀ** (Founder) **: ਗੁਰਪੁਰਵਾਸੀ ਭਾਈ ਸਾਹਿਬ ਭਾਈ ਸਰਦਾਰਾ ਸਿੰਘ ਜੀ**
**ਮੁੱਖ ਸੇਵਾਦਾਰ : ਸ.ਕੁਲਬੀਰ ਸਿੰਘ**
**ਮੁੱਖ ਸੰਪਾਦਕ : ਡਾ.ਪਰਮਜੀਤ ਸਿੰਘ ਸਹਿ ਸੰਪਾਦਕ : ਡਾ.ਗੁਰਬਚਨ ਸਿੰਘ**
**ਸੰਪਾਦਕੀ ਬੋਰਡ : ਸ.ਹਰੀ ਸਿੰਘ ਕੁਵੈਤ ਵਾਲੇ, ਸ.ਗੁਲਜਾਰ ਸਿੰਘ**


## ਤਤਕਰਾ


| | | |
|---|---|---|
| 1. ਏਕੋ ਧਰਮੁ ਦ੍ਰਿੜੈ ਸਚੁ ਕੋਈ | ਡਾ.ਪਰਮਜੀਤ ਸਿੰਘ | 03 |
| 2. ਜੀਵ-ਆਤਮਾ | ਭਾਈ ਸਾਹਿਬ ਭਾਈ ਸਰਦਾਰਾ ਸਿੰਘ ਜੀ | 10 |
| 3. ਸੰਤ ਸਿਪਾਹੀ ਭਾਈ ਮਹਾਰਾਜ ਸਿੰਘ ਜੀ | ਡਾ.ਗੁਰਬਚਨ ਸਿੰਘ | 19 |
| 4. ਬਾਬੀਹਾ ਅੰਮ੍ਰਿਤ ਵੇਲੈ ਬੋਲਿਆ | ਸ.ਬਲਿਹਾਰ ਸਿੰਘ | 27 |
| 5. ਕੌਡਾ-ਰਾਕਸ਼ (ਕਵਿਤਾ) | ਸ.ਹਰਜਿੰਦਰ ਸਿੰਘ | 31 |
| 6. ਅਲਸੀ (ਸਿਹਤ ਸੰਭਾਲ) | ਸ.ਸੁਰਿੰਦਰ ਸਿੰਘ | 33 |
| 7. ਖਬਰਾਵਲੀ | ਸੰਪਾਦਕ | 35 |



ਨੋਟ : ਪਰਚੇ ਵਿਚ ਛਪੇ ਲੇਖਾਂ ਵਿਚ ਲੇਖਕਾਂ ਦੇ ਆਪਣੇ ਵਿਚਾਰ ਹਨ। ਬੇਸ਼ਕ ਸਾਰੇ ਲੇਖ ਪੂਰੀ ਛਾਣ-ਬੀਨ ਤੋਂ ਬਾਅਦ ਛਾਪੇ ਜਾਂਦੇ ਹਨ, ਪਰ ਫੇਰ ਵੀ ਸੰਪਾਦਕੀ ਬੋਰਡ ਦਾ ਇਨ੍ਹਾਂ ਨਾਲ ਸਹਿਮਤ ਹੋਣਾ ਜਰੂਰੀ ਨਹੀਂ ।



ਪ੍ਰਿੰਟਰ ਅਤੇ ਪਬਲਿਸ਼ਰ **ਡਾ.ਪਰਮਜੀਤ ਸਿੰਘ ਨੇ "ਗੁਰਬਾਣੀ ਇਸੁ ਜਗ ਮਹਿ ਚਾਨਣੁ"** ਪ੍ਰਚਾਰ ਤੇ ਪ੍ਰਸਾਰ ਸੰਸਥਾ ਵਾਸਤੇ ਮਜੈਸਟਿਕ ਪ੍ਰਿੰਟਿੰਗ ਪ੍ਰੈਸ, ਮੋਹਾਲੀ ਤੋਂ ਛਪਵਾ ਕੇ ਸੰਸਥਾ ਦੇ ਦਫਤਰ ਭਵਨ ਨੰ.6, ਫੇਜ਼-3-ਏ, ਮੋਹਾਲੀ (ਪੰਜਾਬ) ਤੋਂ ਪ੍ਰਕਾਸ਼ਿਤ ਕੀਤਾ।

# ਏਕੋ ਧਰਮੁ ਦ੍ਰਿੜੈ ਸਚੁ ਕੋਈ

**-ਵਿਆਖਿਆਕਾਰ ਡਾ.ਪਰਮਜੀਤ ਸਿੰਘ, ਮੋ. 87259-00257**

ਧਰਮ ਇੱਕ ਰਸਤਾ ਜਾਂ ਮਾਰਗ ਹੈ ਜਿਸ ਰਾਹੀਂ ਆਪਣੀ ਮੰਜਿਲ ਤੇ ਪਹੁੰਚਿਆ ਜਾ ਸਕਦਾ ਹੈ, ਜਿਵੇਂ ਕਿਸੇ ਸਟੇਸ਼ਨ ਤੇ ਪੁੱਜਣ ਲਈ ਕਈ ਵੱਖਰੇ-੨ ਰਸਤੇ ਹੋ ਸਕਦੇ ਹਨ, ਪਰ ਉਹ ਸਾਰੇ ਮਾਰਗ ਅੰਤ ਉੱਤੇ ਉਸੇ ਸਟੇਸ਼ਨ ਤੇ ਹੀ ਪੁੱਜਦੇ ਹਨ। ਸਾਰੇ ਮਾਰਗ ਹੀ ਠੀਕ ਹੁੰਦੇ ਹਨ, ਹਾਂ ਕੋਈ ਰਸਤਾ ਛੋਟਾ ਹੋ ਸਕਦਾ ਹੈ ਤੇ ਕੋਈ ਲੰਮੇਰਾ। ਇਸੇ ਲਈ ਕਿਸੇ ਮਾਰਗ ਤੇ ਚਲਦਿਆਂ ਛੇਤੀ ਹੀ ਮੰਜਿਲ ਤੇ ਪੁੱਜਿਆ ਜਾ ਸਕਦਾ ਹੈ ਅਤੇ ਕਿਸੇ ਉੱਤੇ ਚਲਦਿਆਂ ਵੱਧ ਸਮਾਂ ਲੱਗ ਸਕਦਾ ਹੈ। ਸਾਡੇ ਦੇਸ਼ ਵਿੱਚ ਕਈ ਧਰਮ ਪ੍ਰਚੱਲਤ ਹਨ। ਗੁਰੂ ਨਾਨਕ ਦੇਵ ਜੀ ਦੇ ਸਮੇਂ ਮੁੱਖ ਧਰਮ ਸਨ, ਸਨਾਤਨੀ ਮੱਤ ਅਰਥਾਤ ਹਿੰਦੂ ਧਰਮ, ਮੁਸਲਿਮ ਧਰਮ, ਜੋਗੀ ਮੱਤ, ਜੈਨ ਅਤੇ ਬੋਧੀ ਧਰਮ। ਸਭ ਦਾ ਨਿਸ਼ਾਨਾ ਮੋਖ ਅਥਵਾ ਮੁੱਕਤੀ ਦੀ ਪ੍ਰਾਪਤੀ ਸੀ। ਇਸ ਦੀ ਪ੍ਰਾਪਤੀ ਲਈ ਜੋ ਸਾਧਨ, ਕ੍ਰਿਆਵਾਂ, ਪੂਜਾ-ਪਾਠ ਆਦਿ ਕੀਤੇ ਜਾਂਦੇ ਸਨ ਉਨ੍ਹਾਂ ਵਿੱਚ ਜਰੂਰ ਭਿੰਨਤਾ ਸੀ। ਧਰਮ ਦਾ ਮਾਰਗ ਸੱਚ ਦਾ ਮਾਰਗ ਹੈ ਅਤੇ ਉਸ ਮਾਰਗ ਉੱਪਰ ਚਲਦਿਆਂ 'ਸੱਚ' ਦੀ ਪ੍ਰਾਪਤੀ ਹੋ ਸਕਦੀ ਹੈ, ਭਾਵੇ ਉਸ 'ਸੱਚ' ਦੇ ਨਾਮ ਆਪੋ ਆਪਣੇ ਮੱਤਾਂ ਜਾਂ ਧਰਮਾਂ ਦੇ ਅਨੁਸਾਰ ਵੱਖੋ ਵੱਖਰੇ ਰੱਖੇ ਹੋਏ ਸਨ, ਜਿਵੇਂ ਸਨਾਤਨੀ ਮੱਤ ਵਿੱਚ ਰਾਮ, ਕ੍ਰਿਸ਼ਨ ਆਦਿ ਅਵਤਾਰਾਂ ਦਾ ਨਾਮ ਲਿਆ ਜਾਂਦਾ ਸੀ। ਮੁਸਲਿਮ ਧਰਮ ਵਿੱਚ ਉਸ ਦਾ ਨਾਮ ਅੱਲ੍ਹਾ ਲਿਆ ਗਿਆ ਸੀ। ਜੋਗੀ ਉਸ ਨੂੰ 'ਅਲਖ ਨਿਰੰਜਨ' ਕਹਿ ਕੇ ਪੁਕਾਰਦੇ ਸਨ। ਇਸੇ ਤਰ੍ਹਾਂ ਹਰ ਧਰਮ ਵਿੱਚ ਨਾਮ ਵੱਖਰੇ ਹੋ ਸਕਦੇ ਹਨ ਪਰ ਅਸਲ ਵਿੱਚ ਉਹ ਇਕੋ ਇੱਕ ਹਸਤੀ ਹੈ ਜੋ ਸੰਸਾਰ ਦੇ ਜੀਵਾਂ ਨੂੰ ਪੈਦਾ ਕਰਦੀ ਪਾਲਦੀ ਅਤੇ ਸੰਹਾਰ ਕਰਦੀ ਰਹੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਉਸ ਹਸਤੀ ਸਰੂਪ ਇਸ ਪ੍ਰਕਾਰ ਬਿਆਨ ਕੀਤਾ ਹੈ।

**ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ**

**ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥**

ਫਿਰ ਉਨ੍ਹਾਂ ਉਸ ਹਸਤੀ ਦੀ ਹੋਰ ਵਿਆਖਿਆ ਕਰਦਿਆਂ ਹੋਇਆ ਦੱਸਿਆ ਕਿ ਉਹ ਹਸਤੀ ਅਰੰਭ ਵਿੱਚ ਜਾਂ ਆਦਿ ਵਿੱਚ ਵੀ ਸੱਚ ਸੀ, ਜੁਗਾਂ ਜੁਗਾਂਤਰਾਂ ਦੇ ਦਰਮਿਆਨ ਵੀ ਸੱਚ ਰਹੀ ਹੈ ਅਤੇ ਹੁਣ ਮੌਜੂਦਾ ਸਮੇਂ ਵਿੱਚ ਵੀ ਸੱਚ ਹੈ ਅਤੇ ਭਵਿੱਖ ਵਿੱਚ ਵੀ ਸਦਾ ਸੱਚ ਹੀ ਰਹੇਗੀ। ਇਥੇ ਸੱਚ ਤੋਂ ਭਾਵ ਉਸ ਦੀ ਸਦੀਵੀ ਹੋਂਦ ਤੋਂ ਹੈ।

ਸੋ ਇਸ ਲਈ ਹਰ ਧਰਮ ਦਾ ਸੱਚ ਇਹ ਹੈ ਕਿ ਉਸ ਨੇ 'ਸਦੀਵੀ ਸੱਚ' ਹਸਤੀ ਨਾਲ

ਜੋੜਨਾ ਹੈ। ਜੋ ਇਕੋ ਇੱਕ ਹੈ ਅਤੇ ਜਦੋਂ ਕੋਈ ਉਸ ਸੱਚ ਦੇ ਮਾਰਗ ਉੱਤੇ ਚਲ ਰਿਹਾ ਹੈ ਤਾਂ ਸਮਝੋ ਕਿ ਉਹ ਧਰਮ ਦੇ ਸੱਚੇ ਮਾਰਗ ਉਪਰ ਚੱਲ ਰਿਹਾ ਹੈ। ਜਦੋਂ ਸਾਰੇ ਧਰਮਾਂ ਦਾ ਨਿਸ਼ਾਨਾ ਇੱਕ ਹੈ ਤਾਂ ਫਿਰ ਕੋਈ ਵੀ ਧਰਮ ਚੰਗਾ ਜਾਂ ਮਾੜਾ ਕਿਵੇਂ ਹੋ ਸਕਦਾ ਹੈ ਇਸ ਲਈ ਗੁਰੂ ਜੀ ਨੇ ਕਿਸੇ ਧਰਮ ਨੂੰ ਮਾੜਾ ਨਹੀਂ ਕਿਹਾ, ਸਗੋਂ ਆਪ ਆਖਦੇ ਹਨ:-

**ਏਕੋ ਧਰਮੁ ਦ੍ਰਿੜੈ ਸਚੁ ਕੋਈ ॥ ਗੁਰਮਤਿ ਪੂਰਾ ਜੁਗਿ ਜੁਗਿ ਸੋਈ ॥** (ਅੰਗ-੧੧੮੮)

ਧਰਮ ਦੇ ਪੈਰੋਕਾਰਾਂ ਵਲੋਂ ਜੋ ਉਸ ਦੇ ਨਾਮ ਲਏ ਜਾਂਦੇ ਹਨ, ਗੁਰੂ ਜੀ ਉਨ੍ਹਾਂ ਨਾਵਾਂ ਤੋਂ ਵੀ ਬਲਿਹਾਰ ਜਾਂਦੇ ਹਨ। ਆਪ ਆਖਦੇ ਹਨ :-

**ਨਾਨਕੁ ਵੇਚਾਰਾ ਕਿਆ ਕਹੈ ॥ ਸਭੁ ਲੋਕੁ ਸਲਾਹੇ ਏਕਸੈ ॥**
**ਸਿਰੁ ਨਾਨਕ ਲੋਕਾ ਪਾਵ ਹੈ ॥ ਬਲਿਹਾਰੀ ਜਾਉ ਜੇਤੇ ਤੇਰੇ ਨਾਵ ਹੈ ॥**(ਅੰਗ-੧੧੬੮)

ਫਿਰ ਧਰਮਾਂ ਦੇ ਮੰਨਣ ਵਾਲਿਆਂ ਵਿੱਚ ਆਪਸੀ ਵੈਰ-ਵਿਰੋਧ, ਲੜ੍ਹਾਈ ਝਗੜਾ ਤੇ ਨਫਰਤ ਕਿਉਂ ਹੋਵੇ ? ਧਰਮਾਂ ਵਿਚਲਾ ਝਗੜਾ ਉਦੋਂ ਉਤਪੰਨ ਹੁੰਦਾ ਹੈ ਜਦੋਂ ਇੱਕ ਧਰਮ ਜਾਂ ਫਿਰਕੇ ਦੇ ਲੋਕ ਆਪਣੇ ਧਰਮ ਨੂੰ ਦੂਜਿਆਂ ਦੇ ਧਰਮ ਨਾਲੋਂ ਉੱਚਾ ਗਿਣ ਕੇ ਦੂਜਿਆਂ ਨੂੰ ਨੀਵਾਂ ਵਿਖਾ ਕੇ ਉਨ੍ਹਾਂ ਨਾਲ ਨਫਰਤ ਤੇ ਝਗੜਾ ਕਰਦੇ ਹਨ।

ਮੱਕੇ ਵਿੱਚ ਜਦੋਂ ਕਾਜੀਆਂ ਨੇ ਆਪਣੇ ਧਰਮ ਦੇ ਹੰਕਾਰ ਵਿੱਚ ਭਰੇ ਹੋਇਆਂ ਨੇ ਗੁਰੂ ਨਾਨਕ ਸਾਹਿਬ ਨੂੰ ਪੁੱਛਿਆ ਕਿ ਦੱਸੋ ਹਿੰਦੂ ਧਰਮ ਵੱਡਾ ਹੈ ਜਾਂ ਮੁਸਲਮਾਨ ? ਬਾਬੇ ਨੇ ਜੋ ਉੱਤਰ ਦਿਤਾ, ਉਸ ਨੂੰ ਭਾਈ ਗੁਰਦਾਸ ਨੇ ਕਲਮ ਬੰਦ ਕਰਦਿਆਂ ਲਿਖਿਆ ਹੈ :-

ਪੁਛਨਿ ਫੋਲਿ ਕਿਤਾਬ ਨੋ ਹਿੰਦੂ ਵਡਾ ਕਿ ਮੁਸਲਮਾਨੋਈ ।
ਬਾਬਾ ਆਖੇ ਹਾਜੀਆ ਸੁਭਿ ਅਮਲਾ ਬਾਝਹੁ ਦੋਨੋ ਰੋਈ । (ਵਾਰ ੧, ਪਉੜੀ ੩੩)

ਗੁਰੂ ਬਾਬੇ ਨੇ ਆਖਿਆ ਕਿ ਨੇਕ ਕਰਮਾਂ ਬਾਝੋਂ ਦੋਵੇਂ ਹੀ ਰੋਣਗੇ। ਕੇਵਲ ਹਿੰਦੂ ਮੁਸਲਮਾਨ ਹੋਣ ਕਰਕੇ ਦਰਗਾਹ ਦਾ ਮਿਲਾਪ ਨਹੀਂ ਲੈਣਗੇ।

ਗੁਰੂ ਜੀ ਨੇ ਜਾਣ ਲਿਆ ਸੀ ਕਿ ਲੋਕਾਈ ਧਰਮ ਦੇ ਸੱਚ ਦੇ ਮਾਰਗ ਨੂੰ ਭੁੱਲਕੇ 'ਰਾਹਿ ਸੈਤਾਨੀ ਦੁਨੀਆ ਗੋਈ'। ਅਸਲ ਵਿੱਚ ਦੁਨੀਆ ਸ਼ੈਤਾਨੀ ਦੇ ਰਾਹ ਪੈ ਕੇ ਖਰਾਬ ਹੋ ਰਹੀ ਹੈ।

ਇਸੇ ਕਰਕੇ ਹੀ ਗੁਰੂ ਜੀ ਨੇ ਆਪਣੇ ਪ੍ਰਚਾਰਕ ਦੌਰਿਆਂ ਦੌਰਾਨ ਇਨ੍ਹਾਂ ਧਰਮਾਂ ਦੇ ਪ੍ਰਮੁੱਖ ਸਥਾਨਾਂ ਤੇ ਪੁੱਜ ਕੇ ਉਨ੍ਹਾਂ ਦੇ ਮੁੱਖੀਆਂ ਅਤੇ ਹੋਰ ਲੋਕਾਈ ਨੂੰ 'ਸੱਚ' ਦਾ ਸਹੀ ਰਸਤਾ ਸਮਝਾਇਆ।

ਜੇ ਕੋਈ ਸੱਚ ਨੂੰ ਦ੍ਰਿੜ ਕਰਕੇ ਸਮਝ ਲਵੇ ਤਾਂ ਇਕੋ ਧਰਮ ਹੀ ਸੱਚਾ ਹੈ। ਗੁਰੂ ਦੀ ਸਿੱਖਿਆ ਅਨੁਸਾਰ ਪ੍ਰਭੂ ਹਰੇਕ ਜੁੱਗ ਵਿੱਚ ਇਕੋ ਜਿਹਾ ਰਹਿੰਦਾ ਹੈ। ਗੁਰੂ ਜੀ ਨੇ ਮੁਸਲਮਾਨ ਨੂੰ ਸਮਝਾਉਂਦਿਆਂ ਹੋਇਆ ਕਿਹਾ ਕਿ ਉਨ੍ਹਾਂ ਦੀ ਨਜ਼ਰ ਵਿੱਚ ਸੱਚਾ ਮੁਸਲਮਾਨ ਉਹ ਹੈ :-

**ਮਿਹਰ ਮਸੀਤਿ ਸਿਦਕੁ ਮੁਸਲਾ ਹਕੁ ਹਲਾਲੁ ਕੁਰਾਣੁ ॥**
**ਸਰਮ ਸੁੰਨਤਿ ਸੀਲੁ ਰੋਜਾ ਹੋਹੁ ਮੁਸਲਮਾਣੁ ॥** (ਅੰਗ-੧੪੦)

ਹੇ ਮੁਸਲਮਾਨ ਵੀਰ ਲੋਕਾਈ ਦੇ ਤਰਸ ਨੂੰ ਮਸੀਤ ਬਣਾ, ਪ੍ਰਭੂ ਦੀ ਹੋਂਦ ਦੇ ਨਿਸ਼ਚੇ ਨੂੰ ਮੁਸੱਲਾ ਬਣਾ ਅਤੇ ਨੇਕ ਕਮਾਈ ਨੂੰ ਕੁਰਾਨ ਬਣਾ। ਵਿਕਾਰਾਂ ਤੇ ਲੱਜਾ ਕਰਨ ਨੂੰ ਸੁੰਨਤ ਸਮਝ ਅਤੇ ਚੰਗੇ ਸੁਭਾਉ ਨੂੰ ਰੋਜਾ ਜਾਣ, ਇਸ ਤਰ੍ਹਾਂ ਦਾ ਮੁਸਲਮਾਨ ਬਣ।

ਤੇਰੀਆਂ ਪੰਜ ਨਿਮਾਜਾਂ ਹਨ, ਪੰਜੇ ਵਕਤ ਵੀ ਨੀਅਤ ਹਨ ਅਤੇ ਪੰਜ ਹੀ ਉਨ੍ਹਾਂ ਦੇ ਨਾਮ-ਸੁਬਹ, ਪੇਸ਼ੀਨ, ਦੀਗਰ, ਸ਼ਾਮ ਅਤੇ ਖ਼ਫਤਨ ਦਿੱਤੇ ਹਨ। ਇਹ ਠੀਕ ਹਨ ਪਰ ਸੱਚਾ ਮੁਸਲਮਾਨ ਬਣਨ ਲਈ ਤੇਰੀ ਪਹਿਲੀ ਨਿਮਾਜ ਹੋਣੀ ਚਾਹੀਦੀ ਹੈ ਸੱਚ ਤੇ ਦ੍ਰਿੜ ਰਹਿਣਾ, ਦੂਜੀ ਨੇਕ ਕਮਾਈ, ਤੀਜੀ ਸਭ ਦਾ ਭਲਾ ਮੰਗਣਾ, ਚੌਥੀ ਨੀਅਤ ਤੇ ਮਨ ਨੂੰ ਸਾਫ ਰੱਖਣਾ ਅਤੇ ਪੰਜਵੀਂ ਸਿਫਤ ਸਾਲਾਹ ਤੇ ਵਡਿਆਈ ਦੀ ਹੋਣੀ ਚਾਹੀਦੀ ਹੈਂ ਫਿਰ ਜੇ ਤੂੰ ਉੱਚੀ ਕਰਨੀ ਦਾ ਕਲਮਾ ਪੜ੍ਹੇ ਤਾਂ ਮੁਸਲਮਾਨ ਕਹਾਉਣ ਦਾ ਹੱਕਦਾਰ ਹੈਂ। ਇਨ੍ਹਾਂ ਨਿਮਾਜਾਂ ਤੇ ਕਲਮੇ ਤੋਂ ਬਿਨਾਂ ਸਭ ਮੁਸਲਮਾਨ ਕੂੜੇ ਹਨ ਅਤੇ ਕੂੜੇ ਦੀ ਕੂੜੀ ਪਾਇਆ ਹੁੰਦੀ ਹੈ।

ਹੇ ਮੁਸਲਮਾਨ, ਸੁਣ ਮੁਸਲਮਾਨ ਕਹਾਉਣਾ ਬੜਾ ਕਠਿਨ ਹੈ ਜੇ ਸਹੀ ਅਰਥਾਂ ਵਿੱਚ ਕੋਈ ਮੁਸਲਮਾਨ ਬਣੇ ਤਾਂ ਮੁਸਲਮਾਨ ਅਖਵਾਏ :-

**ਮੁਸਲਮਾਣੁ ਕਹਾਵਣੁ ਮੁਸਕਲੁ ਜਾ ਹੋਇ ਤਾ ਮੁਸਲਮਾਣੁ ਕਹਾਵੈ ॥ ਅਵਲਿ ਅਉਲਿ ਦੀਨੁ ਕਰਿ ਮਿਠਾ ਮਸਕਲ ਮਾਨਾ ਮਾਲੁ ਮੁਸਾਵੈ ॥ ਹੋਇ ਮੁਸਲਿਮੁ ਦੀਨ ਮੁਹਾਣੈ ਮਰਣ ਜੀਵਣ ਕਾ ਭਰਮੁ ਚੁਕਾਵੈ ॥ ਰਬ ਕੀ ਰਜਾਇ ਮੰਨੇ ਸਿਰ ਉਪਰਿ ਕਰਤਾ ਮੰਨੇ ਆਪੁ ਗਵਾਵੈ ॥ ਤਉ ਨਾਨਕ ਸਰਬ ਜੀਆ ਮਿਹਰੰਮਤਿ ਹੋਇ ਤ ਮੁਸਲਮਾਣੁ ਕਹਾਵੈ ॥** (ਅੰਗ-੧੪੧)

ਸਹੀ ਅਰਥਾਂ ਵਿੱਚ ਮੁਸਲਮਾਨ ਇਉਂ ਬਣਦਾ ਹੈ, ਪਹਿਲਾ ਨਬੀ ਦਾ ਦੱਸਿਆ ਧਰਮ ਮਿੱਠਾ ਅਥਵਾ ਪਿਆਰਾ ਲੱਗੇ, ਫਿਰ ਆਪਣਾ ਧਨ-ਮਾਲ ਲੋੜਵੰਦਾਂ ਵਿੱਚ ਵੰਡੇ ਅਤੇ ਇਸ ਤਰ੍ਹਾਂ ਧਨ ਦੇ ਹੰਕਾਰ ਦੀ ਮੈਲ ਲਾਹਵੇ ਜਿਵੇਂ ਮਸਕਲੇ ਨਾਲ ਜੰਗਾਲ ਲਾਹ ਲਈਦਾ ਹੈ। ਦੀਨ ਦੇ ਆਗੂ ਦੀ ਅਗਵਾਈ ਵਿੱਚ ਸੱਚਾ ਮੁਸਲਮਾਨ ਬਣੇ ਅਤੇ ਇਸੇ ਤਰ੍ਹਾਂ ਮਰਨ ਜੀਵਨ ਦਾ ਭਰਮ ਮੁੱਕਾ ਦੇਵੇ। ਪ੍ਰਭੂ ਦਾ ਹੁਕਮ ਖੁਸ਼ੀ ਨਾਲ ਪ੍ਰਵਾਨ ਕਰੇ, ਪ੍ਰਭੂ ਨੂੰ ਰਚਨਹਾਰ ਮੰਨੇ ਅਤੇ ਆਪਣੀ ਹਉਮੈਂ ਤਿਆਗ ਦੇਵੇ। ਸਾਰੇ ਜੀਵਾਂ ਤੇ ਦਇਆ ਕਰੇ। ਨਾਨਕ ਆਖਦੇ ਹਨ ਕਿ ਇਹ ਸਭ ਕੁਝ ਹੋਵੇ ਤਾਂ ਕੋਈ ਆਪਣੇ ਆਪ ਨੂੰ ਮੁਸਲਮਾਨ ਕਹਾਵੇ।

ਇਸੇ ਪ੍ਰਕਾਰ ਸਿੱਧ/ਜੋਗੀ ਨਾਥ ਜੋ ਸੰਸਾਰ ਤੇ ਘਰ ਬਾਰ ਦਾ ਤਿਆਗ ਕਰਕੇ ਜੰਗਲਾਂ ਅਤੇ ਪਹਾੜਾਂ ਦੀਆਂ ਗੁਫਾਵਾਂ ਵਿੱਚ ਡੇਰਾ ਲਾਈ ਬੈਠੇ ਸਨ। ਉਨ੍ਹਾਂ ਦੇ ਭੇਖਾਂ ਨੂੰ ਵੇਖਦਿਆਂ ਆਪ ਨੇ ਫੁਰਮਾਇਆ :-

**ਮੁੰਦ੍ਰਾ ਤੇ ਘਟ ਭੀਤਰਿ ਮੁੰਦ੍ਰਾ ਕਾਂਇਆ ਕੀਜੈ ਖਿੰਥਾਤਾ ॥ ਪੰਚ ਚੇਲੇ ਵਸਿ ਕੀਜਹਿ ਰਾਵਲ ਇਹੁ ਮਨੁ ਕੀਜੈ ਡੰਡਾਤਾ ॥੧॥ ਜੁਗਤਿ ਇਵ ਪਾਵਸਿਤਾ ॥ ਏਕੁ ਸਬਦੁ ਦੂਜਾ ਹੋਰੁ ਨਾਸਤਿ ਕੰਦ ਮੂਲਿ ਮਨੁ ਲਾਵਸਿਤਾ ॥੧॥** (ਅੰਗ-੧੫੫)

ਹੇ ਜੋਗੀ ਅਸਲ ਮੁੰਦਰਾਂ ਇਹ ਹਨ ਕਿ ਹਿਰਦੇ ਨੂੰ ਮੁੰਦਰਾਂ ਪਾਈਆਂ ਜਾਣ ਭਾਵ ਮੰਦੀਆਂ ਵਾਸ਼ਨਾਵਾਂ ਵਿੰਨੀਆ ਜਾਣ, ਉਨ੍ਹਾਂ ਤੇ ਕਾਬੂ ਪਾਇਆ ਜਾਵੇ। ਸਰੀਰ ਨੂੰ ਨਾਸ਼ਵਾਨ ਸਮਝਣਾ ਇਹ ਕਰਣੀ ਹੈ। ਤੂੰ ਪੰਜ ਗਿਆਨ ਇੰਦ੍ਰੀਆਂ ਨੂੰ ਚੇਲੇ ਬਣਾ ਕੇ ਆਪਣੇ ਵਸ ਵਿੱਚ ਕਰ ਅਤੇ ਇਸ ਮਨ ਨੂੰ ਡੰਡਾ ਬਣਾ ਅਰਥਾਤ ਮਨ ਨੂੰ ਵਿਸ਼ਵਾਸ਼ ਨਾਲ ਭਰ ਕੇ ਡੰਡੇ ਦੀ ਤਰ੍ਹਾਂ ਮਜਬੂਤ ਕਰ। ਹੇ ਜੋਗੀ, ਜੋਗ ਕਮਾਉਣ ਦਾ ਤਰੀਕਾ ਇਸ ਤਰ੍ਹਾਂ ਪ੍ਰਾਪਤ ਹੋਵੇਗਾ।

ਜਪੁਜੀ ਸਾਹਿਬ ਦੀ ਬਾਣੀ ਅੰਦਰ ਵੀ ਗੁਰੂ ਜੀ ਨੇ ਜੋਗੀਆਂ ਬਾਰੇ ਚਾਰ ਪਉੜੀਆਂ ੨੮ ਤੋਂ ੩੧ ਰਾਹੀਂ ਸੱਚੇ ਜੋਗ ਬਾਰੇ ਦੱਸਦਿਆਂ ਹੋਇਆ ਬਾਹਰੀ ਚਿੰਨ੍ਹਾਂ ਦੇ ਸਹੀ ਅਰਥ ਸਮਝਾਉਂਦੇ ਹੋਏ ਬੜਾ ਸੁੰਦਰ ਉਪਦੇਸ਼ ਦਿਤਾ ਹੈ।

ਹੇ ਜੋਗੀ, ਤੂੰ ਸੰਤੋਖ ਦੀਆਂ ਮੁੰਦਰਾਂ ਪਾ, ਉੱਦਮ ਨੂੰ ਆਪਣਾ ਖੱਪਰ ਤੇ ਝੋਲੀ ਬਣਾ ਲੈ, ਪ੍ਰਭੂ ਦੇ ਵਿੱਚ ਧਿਆਨ ਜੋੜਨ ਨੂੰ ਆਪਣੇ ਸਰੀਰ ਤੇ ਸੁਆਹ ਮਲੀ ਸਮਝ। ਮੌਤ ਦਾ ਚੇਤਾ ਤੇਰੀ ਕਫਣੀ ਹੋਵੇ, ਜੋਗ ਦੀ ਰਹੁ ਰੀਤ ਸਰੀਰ ਨੂੰ ਪਵਿੱਤਰ ਰੱਖਣਾ ਹੋਵੇ ਅਤੇ ਨਿਸਚੇ ਦਾ ਡੰਡਾ ਹੋਵੇ। ਵਿਸ਼ੇ ਵਿਕਾਰਾਂ ਤੋਂ ਉਪਰ ਉਠ ਕੇ ਮਨ ਨੂੰ ਜਿਤਣਾ ਹੀ ਜਗਤ ਨੂੰ ਜਿੱਤਣਾ ਹੈ।

ਗੁਰੂ ਜੀ ਅਗਲੀ ਪਉੜੀ ਰਾਹੀਂ ਦੱਸ ਰਹੇ ਹਨ ਕਿ ਹੇ ਜੋਗੀ ! ਅਸਾਂ ਤੁਹਾਡੇ ਭੋਜਨ ਤਿਆਰ ਹੁੰਦੇ ਵੇਖੇ ਹਨ, ਪਰ ਵੇਖ ਉਸ ਰੱਬੀ ਭੰਡਾਰੇ ਵਲ ਜੋ ਕਰਤਾਰ ਦੇ ਦਰੋਂ ਘਰੋਂ ਤਿਆਰ ਹੁੰਦਾ ਹੈ। ਉਥੇ ਹਰੀ ਦਾ ਗਿਆਨ ਭੋਜਨ ਹੁੰਦਾ ਹੈ, ਉਸ ਦੀ ਦਇਆ ਭੰਡਾਰਨ ਹੈ, ਘਟ ਘਟ ਵਿੱਚ ਉਸ ਦੇ ਨਾਦ ਵੱਜ ਰਹੇ ਹਨ। ਨਾਮੀ ਨਾਲ ਅਭੇਦ ਹੋਇਆ ਹੀ ਉਹ ਨਾਦ ਨੂੰ ਸੁਣਦਾ ਹੈ। ਉਸ ਭੰਡਾਰੇ ਦਾ ਮਾਲਕ ਉਹ ਆਪ ਹੀ ਹੈ ਜਿਸ ਨੇ ਸਾਰੀ ਦੁਨੀਆ ਨੱਥੀ ਹੋਈ ਹੈ। ਉਥੇ ਰਿਧੀਆਂ ਸਿਧੀਆਂ ਦੇ ਸੁਆਦ ਵੀ ਉਹ ਨਹੀਂ ਹਨ ਜੋ ਤੁਸੀਂ ਪ੍ਰਾਪਤ ਕਰਨ ਦੀ ਦੌੜ ਭੱਜ ਵਿੱਚ ਲੱਗੇ ਹੋਏ ਹੋ। ਉਥੇ ਨਾਮ ਦੁਆਰਾ ਜੋ ਆਤਮਿਕ ਤੇ ਇਖਲਾਕੀ ਗੁਣ ਉਪਜਦੇ ਹਨ, ਉਹੋ ਹੀ ਅਸਲ ਰਿਧੀਆਂ ਸਿਧੀਆਂ ਹਨ।

ਤੀਹਵੀਂ ਪਉੜੀ ਵਿੱਚ ਦੱਸਦੇ ਹਨ, ਹੇ ਜੋਗੀ ! ਤੁਸੀਂ ਇਸ ਖਿਆਲ ਨੂੰ ਜਾਣਦੇ ਹੋ ਤੇ ਮੰਨਿਆ ਜਾਂਦਾ ਹੈ ਕਿ ਏਕ (ਬ੍ਰਹਮ) ਤੇ ਮਾਇਆ ਅਰਥਾਤ ਸ਼ਿਵ ਸ਼ਕਤੀ ਦੇ ਸੁਮੇਲ ਤੋਂ ਫਿਰ ਮਾਇਆ ਕਿਸੇ ਜੁਗਤੀ ਨਾਲ ਪ੍ਰਸੂਤ ਹੋਈ ਤੇ ਤਿੰਨੇ ਚੇਲੇ (ਪੁੱਤਰ) ਪੈਦਾ ਹੋਏ। ਉਨ੍ਹਾਂ ਵਿਚੋਂ ਸੰਸਾਰ ਦੇ ਰਚਣ ਵਾਲੇ ਨੂੰ ਬ੍ਰਹਮਾ, ਪਾਲਣ ਵਾਲੇ ਨੂੰ ਵਿਸ਼ਨੂੰ ਅਤੇ ਮੌਤ ਦੇ ਹੁਕਮ ਚਾੜਨ ਲਈ ਕਚਹਿਰੀ ਲਾਉਣ ਵਾਲਾ ਸ਼ਿਵ ਹੋਇਆ।

ਹੇ ਜੋਗੀ, ਸ਼ਿਵ ਅਤੇ ਸ਼ਕਤੀ ਦੀ ਆਪਣੀ ਕੋਈ ਆਜਾਦ ਹਸਤੀ ਨਹੀਂ ਹੈ ਅਤੇ ਨਾ

ਹੀ ਬ੍ਰਹਮਾ, ਵਿਸ਼ਨੂੰ ਤੇ ਸ਼ਿਵ ਆਦਿ ਦੀ। ਇਹ ਤਾਂ ਰਚਨਹਾਰੇ ਪ੍ਰਭੂ ਨੇ ਖੇਡ ਰਚਾਇਆ ਹੈ। ਜਿਵੇਂ ਉਸ ਨੂੰ ਭਾਉਂਦਾ ਹੈ ਜਾਂ ਜਿਵੇਂ ਉਸ ਦਾ ਹੁਕਮ ਹੁੰਦਾ ਹੈ ਤਿਵੇਂ ਉਹ ਸੰਸਾਰ ਦਾ ਪ੍ਰਬੰਧ ਚਲਾ ਰਿਹਾ ਹੈ। ਇਹੋ ਤਾਂ ਅਸਚਰਜ ਹੈ ਕਿ ਉਹ ਪ੍ਰਮਾਤਮਾ ਆਪ ਤਾਂ ਸਭ ਜੀਵਾਂ ਨੂੰ ਵੇਖਦਾ ਹੈ ਪਰ ਜੀਵਾਂ ਨੂੰ ਉਹ ਨਹੀਂ ਦਿਸਦਾ। ਇਸੇ ਕਾਰਣ ਸੰਸਾਰ ਦੇ ਲੋਕਾਂ ਨੇ ਇਸ ਪ੍ਰਬੰਧ ਨੂੰ ਬ੍ਰਹਮਾ, ਵਿਸ਼ਨੂੰ ਤੇ ਸ਼ਿਵ ਵਿੱਚ ਵੰਡ ਦਿੱਤਾ। ਪਰ ਉਹ ਕਰਨਕਾਰਣ ਪ੍ਰਭੂ ਆਪ ਹੀ ਆਦਿ, ਅਨੀਲ, ਅਨਾਦ, ਅਨਾਹਤ ਹੈ।

ਇੱਕਤਵੀਂ ਪਉੜੀ ਰਾਹੀਂ ਉਪਦੇਸ਼ ਦਿੰਦੇ ਹਨ : ਹੇ ਜੋਗੀ, ਹਰੀ ਦਾ ਆਸਣ ਕਿਸੇ ਸ਼ਿਵਪੁਰੀ ਵਿੱਚ ਨਹੀਂ ਸਗੋਂ ਲੋਕ ਲੋਕ ਵਿੱਚ ਹੈ ਅਤੇ ਲੋਕ ਲੋਕ ਵਿੱਚ ਹੀ ਉਸਦਾ ਭੰਡਾਰਾ ਹੈ। ਇਹਨਾਂ ਭੰਡਾਰਿਆਂ ਵਿੱਚ ਉਸ ਨੇ ਜੋ ਕੁਝ ਪਾਇਆ ਹੈ, ਇਕੋ ਵਾਰੀ ਪਾ ਦਿੱਤਾ ਹੈ। ਉਹ ਸ੍ਰਿਸ਼ਟੀ ਬਣਾ ਕੇ ਸੰਭਾਲ ਵੀ ਕਰ ਰਿਹਾ ਹੈ। ਸੱਚੇ ਪ੍ਰਭੂ ਦੀ ਰਚੀ ਕਾਰ (ਸ੍ਰਿਸ਼ਟੀ) ਸੱਚੀ ਹੈ। ਜੋਗੀ ਤੁਸੀਂ ਆਦੇਸ ਦਾ ਨਾਹਰਾ ਲਗਾਉਂਦੇ ਹੋ, ਤੇਰਾ ਇਹ ਨਾਹਰਾ ਉਸ ਪਰਮਾਤਮਾ ਨੂੰ ਸੰਬੋਧਨ ਹੋਣਾ ਚਾਹੀਦਾ ਹੈ ਕਿਉਂਕਿ ਉਹੀ ਅਸਲੀ ਅਰਥਾਂ ਵਿੱਚ ਆਪ ਹੀ ਆਦੇਸ (ਆਦਿ ਈਸ਼ਵਰ) ਹੈ ਜੋ ਸਭ ਦਾ ਆਦਿ ਹੈ, ਜੋ ਪਵਿਤਰ ਸਰੂਪ ਹੈ ਜਿਸ ਦਾ ਆਪਣਾ ਮੁੱਢ ਨਹੀਂ ਹੈ ਜੋ ਮਰਦਾ ਨਹੀਂ ਅਤੇ ਜੁੱਗੋ ਜੁੱਗ ਸਦਾ ਇੱਕੋ ਜਿਹਾ ਰਹਿੰਦਾ ਹੈ। ਇਸੇ ਤਰ੍ਹਾਂ ਬ੍ਰਾਹਮਣ ਬਾਰੇ ਆਪ ਜੀ ਫੁਰਮਾ ਰਹੇ ਹਨ :-

**ਸੋ ਬ੍ਰਹਮਣੁ ਜੋ ਬਿੰਦੈ ਬ੍ਰਹਮੁ ॥ ਜਪੁ ਤਪੁ ਸੰਜਮੁ ਕਮਾਵੈ ਕਰਮੁ ॥ ਸੀਲ ਸੰਤੋਖ ਕਾ ਰਖੈ ਧਰਮੁ ॥ ਬੰਧਨ ਤੋੜੈ ਹੋਵੈ ਮੁਕਤੁ ॥ ਸੋਈ ਬ੍ਰਹਮਣੁ ਪੂਜਣ ਜੁਗਤੁ ॥੧੬॥**

(ਅੰਗ-੧੪੧੧)

ਅਸਲ ਬ੍ਰਾਹਮਣ ਉਹ ਹੈ ਜੋ ਬ੍ਰਹਮ (ਵਾਹਿਗੁਰੂ) ਨੂੰ ਜਾਣਦਾ ਹੈ। ਜੋ ਜਪ ਤਪ, ਸੰਜਮ ਆਦਿਕ ਕਰਮ ਕਮਾਂਦਾ ਹੈ। ਜੋ ਮਿੱਠੇ ਮਿੱਠੇ ਸੁਭਾਅ ਅਤੇ ਸੰਤੋਖੀ ਹੋਣ ਦਾ ਧਰਮ ਪਾਲਦਾ ਹੈ। ਜੋ ਮਾਇਆ ਦੇ ਬੰਧਨ ਤੋੜ ਕੇ ਮੁਕਤ ਹੁੰਦਾ ਹੈ। ਐਸਾ ਬ੍ਰਾਹਮਣ ਹੀ ਪੂਜਣ ਯੋਗ ਹੈ।

ਇਸੇ ਤਰ੍ਹਾਂ ਪੰਡਿਤ ਨੂੰ ਉਪਦੇਸ਼ ਦਿੰਦੇ ਹੋਏ ਗੁਰੂ ਨਾਨਕ ਸਾਹਿਬ ਫੁਰਮਾ ਰਹੇ ਹਨ ਕਿ ਉਨ੍ਹਾਂ ਅਨੁਸਾਰ ਬ੍ਰਾਹਮਣ ਦੀ ਅਜਿਹੀ ਧਾਰਮਿਕ ਰਹਿਣੀ ਚਾਹੀਦੀ ਹੈ :-

**ਕਾਇਆ ਬ੍ਰਹਮਾ ਮਨੁ ਹੈ ਧੋਤੀ ॥ ਗਿਆਨੁ ਜਨੇਊ ਧਿਆਨੁ ਕੁਸਪਾਤੀ ॥ ਹਰਿ ਨਾਮਾ ਜਸੁ ਜਾਚਉ ਨਾਉ ॥ ਗੁਰ ਪਰਸਾਦੀ ਬ੍ਰਹਮਿ ਸਮਾਉ ॥੧॥ ਪਾਂਡੇ ਐਸਾ ਬ੍ਰਹਮ ਬੀਚਾਰੁ ॥ ਨਾਮੇ ਸੁਚਿ ਨਾਮੋ ਪੜਉ ਨਾਮੇ ਚਜੁ ਆਚਾਰੁ ॥੧॥** (ਅੰਗ-੩੫੫)

ਉਸ ਦਾ ਪਵਿੱਤਰ ਸਰੀਰ ਬ੍ਰਾਹਮਣ ਹੋਵੇ ਅਤੇ ਪਵਿਤਰ ਮਨ ਉਸਦੀ ਧੋਤੀ ਹੋਵੇ। ਪ੍ਰਭੂ ਦੀ ਪਛਾਣ ਦਾ ਗਿਆਨ ਉਸ ਦਾ ਜਨੇਊ ਹੋਵੇ ਅਤੇ ਪ੍ਰਭੂ ਵਿੱਚ ਲਿਵ ਅਥਵਾ ਧਿਆਨ ਕੁਸ਼ਾ ਜਾ ਦੱਬ ਦਾ ਛੱਲਾ ਹੋਵੇ। ਮੈਂ ਤਾਂ ਇਸ ਤਰ੍ਹਾਂ ਦਾ ਬ੍ਰਾਹਮਣ ਹੋ ਕੇ ਨਾਮ ਅਤੇ ਸਿਫਤ

ਸਾਲਾਹ ਰੂਪੀ ਦੱਛਣਾ ਮੰਗਦਾ ਹਾਂ ਤਾਂ ਜੋ ਗੁਰੂ ਦੀ ਕ੍ਰਿਪਾ ਨਾਲ ਨਾਮ ਦੁਆਰਾ ਪ੍ਰਭੂ ਵਿੱਚ ਲੀਨ ਹੋਵਾਂ। ਇਸੇ ਪ੍ਰਕਾਰ ਸੱਚੇ ਕਾਜੀ ਦੀ ਪਰਿਭਾਸ਼ਾ ਨੂੰ ਵਰਨਣ ਕਰਦੇ ਹੋਏ ਗੁਰੂ ਜੀ ਫੁਰਮਾਉਂਦੇ ਹਨ :-

**ਤਾ ਤੂ ਮੁਲਾ ਤਾ ਤੂ ਕਾਜੀ ਜਾਣਹਿ ਨਾਮੁ ਖੁਦਾਈ ॥ ਜੇ ਬਹੁਤੇਰਾ ਪੜਿਆ ਹੋਵਹਿ ਕੋ ਰਹੈ ਨ ਭਰੀਐ ਪਾਈ ॥੨॥ ਸੋਈ ਕਾਜੀ ਜਿਨਿ ਆਪੁ ਤਜਿਆ ਇਕੁ ਨਾਮੁ ਕੀਆ ਆਧਾਰੋ ॥ ਹੈ ਭੀ ਹੋਸੀ ਜਾਇ ਨ ਜਾਸੀ ਸਚਾ ਸਿਰਜਣਹਾਰੋ ॥੩॥**

(ਅੰਗ-੨੪)

ਹੇ ਕਾਜੀ ਸੁਣ ! ਤੈਨੂੰ ਮੁਲਾਂ ਜਾਂ ਕਾਜ਼ੀ ਹੋਣ ਦਾ ਹੱਕ ਤਦ ਹੀ ਪ੍ਰਾਪਤ ਹੈ ਜੇ ਤੂੰ ਖੁਦਾ ਦੇ ਨਾਮ ਨੂੰ ਸਮਝੇ। ਧਾਰਮਿਕ ਪੁਸਤਕਾਂ ਦਾ ਭਾਵੇ ਤੂੰ ਕਿਤਨਾ ਹੀ ਵਿਦਵਾਨ ਹੋਵੇ, ਜਦ ਕਿਸੇ ਦੇ ਸੁਆਸਾਂ ਦੀ ਪਾਈ ਭਰੀ ਜਾਂਦੀ ਹੈ ਤਾਂ ਉਹ ਮੁੜ ਇਥੇ ਰਹਿ ਨਹੀਂ ਸਕਦਾ।

ਅਸਲ ਕਾਜ਼ੀ ਉਹ ਹੈ ਜਿਸ ਨੇ ਆਪਾ ਤਿਆਗਿਆ ਹੈ ਅਤੇ ਕੇਵਲ ਉਸ ਹਰੀ ਦੇ ਨਾਮ ਨੂੰ ਆਪਣੇ ਜੀਵਨ ਦਾ ਆਧਾਰ ਬਣਾਇਆ ਹੈ।

ਸਰੇਵੜੇ ਜੋ ਜੀਵ ਹਿੰਸਾ ਦੇ ਭਰਮ ਤੋਂ ਬਚਣ ਲਈ ਬੇਹੱਦ ਗੰਦੀ ਰਹਿਣੀ ਰਹਿੰਦੇ ਹਨ ਗੁਰੂ ਜੀ ਉਨ੍ਹਾਂ ਦੀ ਗੰਦੀ ਰਹਿਣੀ ਨੂੰ ਉਜਾਗਰ ਕਰਕੇ ਧਰਮ ਦੇ ਸੱਚੇ ਰਾਹ ਉੱਤੇ ਚੱਲਣ ਦਾ ਉਪਦੇਸ਼ ਦਿੰਦੇ ਹਨ।

ਗੁਰੂ ਜੀ ਆਖਦੇ ਹਨ, ਸਰੇਵੜੇ ਸਿਰ ਦੇ ਵਾਲ ਪੁਟਾ ਕੇ, ਮੈਲਾ ਪਾਣੀ ਪੀਂਦੇ ਅਤੇ ਜੂਠੀ ਰੋਟੀ ਮੰਗ ਕੇ ਖਾਂਦੇ ਹਨ। ਆਪਣੇ ਵਿਸ਼ਟੇ ਨੂੰ ਫਰੋਲ ਕੇ ਉਸ ਦੀ ਗੰਦੀ ਹਵਾੜ ਲੈਂਦੇ ਹਨ ਅਤੇ ਪਾਣੀ ਦੇਖਕੇ ਸੰਗਦੇ ਹਨ। ਭੇਡਾਂ ਵਾਂਗ ਸਿਰ ਦੇ ਵਾਲ ਪੁਟਾਂਦੇ ਹਨ, ਹੱਥ ਸੁਆਹ ਨਾਲ ਲਬੇੜ ਲੈਂਦੇ ਹਨ। ਮਾਂ-ਪਿਤਾ ਵਾਲਾ ਕੰਮ ਧੰਦਾ ਛੱਡ ਦਿੰਦੇ ਹਨ ਤੇ ਉਨ੍ਹਾਂ ਦਾ ਟੱਬਰ ਢਾਹਾਂ ਮਾਰ ਕੇ ਰੋਂਦੇ ਹਨ। ਮਰਨ ਤੇ ਉਨ੍ਹਾਂ ਦਾ ਨਾ ਕੋਈ ਪਿੰਡ ਪੱਤਲ ਦੀਆਂ ਰਸਮਾਂ ਕਰਾਂਦਾ ਹੈ ਨਾ ਕਿਰਿਆ ਦੀਵਾ ਹੁੰਦਾ ਹੈ, ਪਤਾ ਨਹੀਂ ਮੋਏ ਕਿੱਥੇ ਜਾ ਪੈਂਦੇ ਹਨ ? ਇਹ ਤੀਰਥਾਂ ਤੇ ਨਹੀਂ ਜਾਂਦੇ। ਬ੍ਰਾਹਮਣ ਇਨ੍ਹਾਂ ਦਾ ਅੰਨ ਨਹੀਂ ਖਾਂਦੇ। ਮੱਥੇ ਤੇ ਤਿਲਕ ਨਹੀਂ ਲਾਉਂਦੇ। ਦਿਨ ਰਾਤ ਗਲੀਚ ਬਣੇ ਰਹਿੰਦੇ ਹਨ।

ਝੁੰਬ ਮਾਰਕੇ ਇਸ ਤਰ੍ਹਾਂ ਬੈਠੇ ਰਹਿੰਦੇ ਹਨ ਜਿਵੇਂ ਕਿਸੇ ਸੋਗ ਵਿੱਚ ਬੈਠੇ ਹੋਣ ਅਤੇ ਕਿਸੇ ਦੀਵਾਨ, ਸੰਗਤ ਵਿੱਚ ਵੀ ਨਹੀਂ ਜਾਂਦੇ। ਲੱਕਾਂ ਨਾਲ ਪਿਆਲੇ ਬੰਨ੍ਹ ਕੇ ਰੱਖਦੇ ਹਨ ਤੇ ਹੱਥਾਂ ਵਿੱਚ ਚੌਰੀਆਂ ਫੜੀਆਂ ਹੁੰਦੀਆਂ ਹਨ ਅਤੇ ਕਤਾਰ ਵਿੱਚ ਅੱਗੇ ਪਿੱਛੇ ਤੁਰੀ ਜਾਂਦੇ ਹਨ। ਇਨ੍ਹਾਂ ਦੀ ਰਹਿਣੀ ਨਾ ਤਾਂ ਜੋਗੀਆਂ ਨਾ ਜੰਗਮਾਂ ਵਰਗੀ ਹੈ ਅਤੇ ਨਾ ਹੀ ਕਾਜੀਆਂ ਜਾਂ ਮੌਲਵੀਆਂ ਵਾਲੀ। ਰੱਬ ਵੱਲੋਂ ਵੀ ਖੁੰਝੇ ਹੋਏ ਹਨ, ਖੁਆਰ ਹੋਏ ਫਿਰਦੇ ਹਨ, ਇਨ੍ਹਾਂ ਦਾ ਸਾਰਾ ਆਵਾ ਹੀ ਊਤਿਆ ਹੋਇਆ ਹੈ।

ਗੁਰੂ ਜੀ ਫੁਰਮਾਂਦੇ ਹਨ ਕਿ ਗੁਰੂ ਮਾਨੋਂ ਸਮੁੰਦਰ ਹੈ, ਉਸ ਦੀ ਸਿਖਿਆ ਮਾਨੋਂ ਨਦੀਆਂ ਹਨ, ਇਨ੍ਹਾਂ ਨਦੀਆਂ ਵਿੱਚ ਨਹਾਉਣ ਨਾਲ ਦਰਗਾਹ ਵਿੱਚ ਵਡਿਆਈ ਮਿਲਦੀ ਹੈ। ਹੇ ਨਾਨਕ ! ਜੇ ਇਹ ਸਿਰ ਖੁੱਥੇ ਇਸ ਸਮੁੰਦਰ ਵਿੱਚ ਹੀ ਇਸ਼ਨਾਨ ਨਹੀਂ ਕਰਦੇ ਤਾਂ ਇਨ੍ਹਾਂ ਦੇ ਸਿਰ ਵਿੱਚ ਸੱਤ ਬੁੱਕਾਂ ਸੁਆਹ ਦੀਆਂ ਪੈਣ।

(ਵਾਰ ਮਾਝ ਦੀ ਪਉੜੀ ੨੫, ਸੋਲਕ ਮ:੧ ਵਿੱਚ)

ਇਸ ਪ੍ਰਕਾਰ ਗੁਰੂ ਨਾਨਕ ਸਾਹਿਬ ਜੀ ਨੇ ਆਪਣੇ ਸਮੇਂ ਦੇ ਵੱਖ-੨ ਧਰਮਾਂ ਦੇ ਪੈਰੋਕਾਰ ਵਿਚਲੀ ਆਈ ਗਿਰਾਵਟ ਨੂੰ ਭਾਂਪਦਿਆਂ ਹੋਇਆ ਸੱਚੇ ਧਰਮ ਨੂੰ ਉਜਾਗਰ ਕੀਤਾ। ਸਿੱਟੇ ਤੇ ਪਹੁੰਚਣ ਲਈ ਅਸੀਂ ਗੁਰੂ ਨਾਨਕ ਸਾਹਿਬ ਦੇ ਸੂਹੀ ਰਾਗ ਦੇ ਸ਼ਬਦ ਨੂੰ ਸਨਮੁੱਖ ਰੱਖਦੇ ਹਨ :-

**ਮੇਰਾ ਮਨੁ ਰਾਤਾ ਗੁਣ ਰਵੈ ਮਨਿ ਭਾਵੈ ਸੋਈ ॥ ਗੁਰ ਕੀ ਪਉੜੀ ਸਾਚ ਕੀ ਸਾਚਾ ਸੁਖੁ ਹੋਈ ॥ ਸੁਖਿ ਸਹਜਿ ਆਵੈ ਸਾਚ ਭਾਵੈ ਸਾਚ ਕੀ ਮਤਿ ਕਿਉ ਟਲੈ ॥ ਇਸਨਾਨੁ ਦਾਨੁ ਸੁਗਿਆਨੁ ਮਜਨੁ ਆਪਿ ਅਛਲਿਓ ਕਿਉ ਛਲੈ ॥ ਪਰਪੰਚ ਮੋਹ ਬਿਕਾਰ ਥਾਕੇ ਕੂੜੁ ਕਪਟੁ ਨ ਦੋਈ ॥ ਮੇਰਾ ਮਨੁ ਰਾਤਾ ਗੁਣ ਰਵੈ ਮਨਿ ਭਾਵੈ ਸੋਈ ॥੧॥** (ਅੰਗ-੭੬੬)

ਗੁਰੂ ਜੀ ਫੁਰਮਾਂਦੇ ਹਨ, ਪ੍ਰਭੂ ਪ੍ਰੇਮ ਵਿੱਚ ਰੰਗਿਆ ਹੋਇਆ ਮੇਰਾ ਮਨ ਉਸ ਦੇ ਗੁਣ ਗਾਉਂਦਾ ਹੈ ਕਿਉਂਕਿ ਉਹ ਮੈਨੂੰ ਚੰਗਾ ਲੱਗਦਾ ਹੈ।

ਇਹ ਗੁਣਾਂ ਦਾ ਗਾਉਣਾ ਗੁਰੂ ਦੀ ਦੱਸੀ ਹੋਈ ਸੱਚ ਨੂੰ ਪਹੁੰਚਣ ਵਾਲੀ ਪਉੜੀ ਹੈ ਤੇ ਇਸ ਉੱਤੇ ਚੜ੍ਹਿਆ ਸੱਚਾ ਸੁੱਖ ਮਿਲਦਾ ਹੈ। ਜਦੋਂ ਮਨ ਸਹਿਜ ਸੁੱਖ ਦੀ ਹਾਲਤ ਵਿੱਚ ਆਉਂਦਾ ਹੈ ਤਾਂ ਸੱਚਾ ਚੰਗਾ ਲੱਗਦਾ ਹੈ ਤੇ ਸੱਚ ਤੋਂ ਉਪਜੀ ਮੱਤ ਕਦੇ ਟਲਦੀ ਨਹੀਂ ਅਰਥਾਤ ਗਲਤ ਨਹੀਂ ਹੁੰਦੀ। ਨਿਰੇ ਪੁਰੇ ਰਸਮੀ ਇਸ਼ਨਾਨ, ਦਾਨ, ਚੰਗੀ ਫਿਲਾਸਫੀ, ਪੂਰਬੀ ਦੇ ਇਸ਼ਨਾਨ ਆਦਿ ਕਰਮ ਉਸ ਹਰੀ ਨੂੰ ਕਿਵੇਂ ਛੱਲ ਸਕਦੇ ਹਨ ਕਿਉਂਕਿ ਉਹ ਆਪ ਅਛੱਲ ਹੈ। ਹੁਣ ਧੋਖਾ, ਮੋਹ, ਵਿਕਾਰ ਸਭ ਮੁੱਕ ਗਏ ਹਨ ਅਤੇ ਨਾ ਕੂੜ, ਪਖੰਡ ਤੇ ਦ੍ਵੈਤ ਭਾਵ ਰਹਿ ਗਏ ਹਨ। ਪ੍ਰਭੂ ਪ੍ਰੇਮ ਵਿੱਚ ਰੰਗਿਆ ਮੇਰਾ ਮਨ ਉਸਦੇ ਗੁਣ ਗਾਉਂਦਾ ਹੈ ਕਿਉਂਕਿ ਉਹ ਮੈਨੂੰ ਚੰਗਾ ਲੱਗਦਾ ਹੈ।

ਅਰਥਾਤ ਉਸਦੇ ਗੁਣ ਗਾਉਣਾ ਹੀ ਸੱਚਾ ਧਰਮ ਹੈ ਜਿਸ ਨੂੰ ਅੱਜ ਲੋਕਾਈ ਨੂੰ ਦ੍ਰਿੜ ਕਰਨ ਦੀ ਲੋੜ ਹੈ, ਖਾਸ ਕਰਕੇ ਗੁਰੂ ਨਾਨਕ ਨਾਮ ਲੇਵਾ ਨੂੰ ਤਾਂ ਜਰੂਰ ਹੀ ਆਪਣੇ ਜੀਵਨ ਵਿੱਚ ਇਨ੍ਹਾਂ ਗੱਲਾਂ ਨੂੰ ਧਾਰਨ ਕਰਨ ਦੀ ਜ਼ਰੂਰਤ ਹੈ।

-o-o-o-

# ਜੀਵ-ਆਤਮਾ

ਭਾਈ ਸਾਹਿਬ ਭਾਈ ਸਰਦਾਰਾ ਸਿੰਘ ਜੀ

ਜੀਵਨ ਕੀ ਹੈ? ਕਿਉਂ ਮਿਲਦਾ ਹੈ ? ਕਿਵੇਂ ਮਿਲਦਾ ਹੈ ਅਤੇ ਇਸ ਦਾ ਮਨੋਰਥ ਕੀ ਹੈ? ਇਹ ਕੁਝ ਕੁ ਸਵਾਲ ਹਨ, ਜੋ ਇਕ ਭਗਤ ਜਾਂ ਦਾਰਸ਼ਨਿਕ ਦੇ ਅੰਤਰ-ਆਤਮੇ ਉਪਜਦੇ ਹਨ। ਆਮ ਆਦਮੀ ਇਹਨਾਂ ਸਵਾਲਾਂ ਦੀ ਵੀਚਾਰ ਨਹੀਂ ਕਰਦਾ। ਉਸ ਦੇ ਮਨ ਅੰਦਰ ਕਦੇ ਇਹ ਜਾਨਣ ਦੀ ਲਾਲਸਾ ਨਹੀਂ ਉਪਜਦੀ ਕਿ ਮੈਂ ਕੀ ਹਾਂ, ਇਸ ਸੰਸਾਰ ਵਿੱਚ ਕਿਥੋਂ ਆਇਆ ਹਾਂ, ਮੌਤ ਤੋਂ ਬਾਅਦ ਕਿੱਥੇ ਜਾਣਾ ਹੈ ਅਤੇ ਐਥੇ ਕੀ ਕਰਨ ਆਇਆ ਹਾਂ?

ਦਰਅਸਲ ਇਹੋ ਹੀ ਪ੍ਰਸ਼ਨ ਹਨ ਜੋ ਮਨੁੱਖ ਨੂੰ, ਮਨੁੱਖ ਤੋਂ ਦੇਵਤਾ ਬਣਾਉਂਦੇ ਹਨ ਅਤੇ ਇਨ੍ਹਾਂ ਸੁਆਲਾਂ ਦੇ ਉੱਤਰ ਦੀ ਖੋਜ ਦੀ ਲਗਨ ਉਸ ਨੂੰ ਸੂਝਵਾਨ ਬਣਾਉਂਦੀ ਹੈ, ਖੋਜਦਾ ਖੋਜਦਾ ਮਨੁੱਖ ਗਿਆਨੀ ਹੋ ਜਾਂਦਾ ਹੈ, ਗੁਰੂ ਦੀ ਕ੍ਰਿਪਾ ਦੁਆਰਾ, ਵਾਹਿਗੁਰੂ ਜੀ ਦੀ ਬਖਸ਼ਿਸ਼ ਹੋ ਜਾਵੇ ਤਾਂ ਉਸ ਨੂੰ ਬ੍ਰਹਮ ਦਾ ਗਿਆਨ ਹੋ ਜਾਂਦਾ ਹੈ। ਇਹਨਾਂ ਉੱਤਰਾਂ ਦੀ ਪੂਰਤੀ ਲਈ, ਮਨੁੱਖਾ ਜੀਵਨ ਵਿਚ ਅਮਲੀ ਜਾਮਾ ਪਹਿਨਾਉਣ ਨਾਲ ਮਨੁੱਖ, ਮਨੁੱਖ ਨਹੀਂ ਰਹਿੰਦਾ ਬਲਕਿ ਉੱਤਮ-ਪੁਰਸ਼ ਬਣ ਜਾਂਦਾ ਹੈ ਅਤੇ ਅਪਣਾ ਜੀਵਨ ਸਫਲ ਕਰ ਲੈਂਦਾ ਹੈ। ਜੀਵਨ ਦੇ ਮਨੋਰਥ ਨੂੰ ਪ੍ਰਾਪਤ ਕਰ ਲੈਂਦਾ ਹੈ।

ਆਮ ਤਾਂ ਅਸੀਂ ਮਨੁੱਖਾ ਜੀਵਨ ਨੂੰ ਇਹੋ ਹੀ ਸਮਝਦੇ ਹਾਂ ਕਿ ਇਹ ਮਨੁੱਖ ਨੂੰ ਖਾਣ ਪੀਣ, ਹੱਸਣ ਖੇਡਣ, ਸੌਣ ਲਈ ਜਾਂ ਐਸ਼ ਆਰਾਮ ਕਰਨ ਲਈ ਮਿਲਿਆ ਹੈ। 'ਖਾਓ ਪੀਓ ਅਨੰਦ ਕਰੋ' ਦੇ ਮੰਤਵ ਨੂੰ ਹਰ ਇਕ ਨੇ ਅਪਣਾਇਆ ਹੋਇਆ ਹੈ। ਖਾਣ ਪੀਣ ਲਈ ਚੰਗਾ ਭੋਜਨ, ਸਵਾਦੀ ਮਠਿਆਈਆਂ ਹਰ ਰੋਜ਼ ਹੋਣ, ਪੀਣ ਲਈ ਮਿੱਠੇ ਰਸ, ਸੁਆਦੀ ਤੇ ਨਸ਼ਿਆਂ ਭਰਪੂਰ ਹੋਣ। ਪਹਿਨਣ ਲਈ ਸੁਹਣੇ ਤੋਂ ਸੁਹਣਾ ਕੱਪੜਾ ਹਰ ਰੋਜ਼ ਮਿਲੀ ਜਾਵੇ, ਨਿੱਤ ਨਵਾਂ ਸੂਟ ਮਿਲੇ, ਨਵੇਂ ਫੈਸ਼ਨ ਨਾਲ ਸੀਤਾ ਹੋਵੇ। ਰਹਿਣ ਲਈ ਸੁੰਦਰ ਕੋਠੀ ਦੀ ਲਾਲਸਾ ਮਨੁੱਖ ਦੀ ਸਾਰੀ ਉਮਰ ਹੀ ਨਹੀਂ ਮੁੱਕਦੀ। ਸੁਹਣਾ ਮਕਾਨ ਪਾ ਲਵੇਗਾ, ਪਰ ਫੇਰ ਉਸਦੀ ਨਵੇਂ ਢੰਗ ਨਾਲ ਸੁੰਦਰਤਾ ਵਧਾਉਣ ਲਈ ਹੀ ਸਾਰੀ ਉਮਰ ਲੱਗਿਆ ਰਹੇਗਾ। ਸੁਹਣੀ ਵਧੀਆ ਸੁਆਰੀ, ਹਾਥੀ, ਘੋੜਾ, ਸਕੂਟਰ, ਕਾਰ, ਹੈਲੀਕੈਪਟਰ ਆਦਿ ਵਧੀਆ ਤੋਂ ਵਧੀਆ ਹੋਣਾ ਚਾਹੀਦਾ ਹੈ। ਰੋਟੀ, ਕੱਪੜਾ ਅਤੇ ਮਕਾਨ ਦੇ ਆਹਰ ਵਿਚ ਹੀ ਉਮਰ ਗੁਜ਼ਾਰ ਦੇਵੇਗਾ। ਕੀ ਜੀਵਨ ਦਾ ਮਨੋਰਥ ਇਹੋ ਹੀ ਹੈ? ਇਸ ਬਾਰੇ ਕਦੇ ਨਹੀਂ ਸੋਚਦਾ ?

ਇਸ ਤੋਂ ਵੱਧ ਕੁਝ ਲੋਕ ਹਉਮੈ ਵਿਚ ਰਹਿ ਕੇ ਮਾਣ ਇੱਜ਼ਤ ਦੇ ਪਿੱਛੇ ਭੱਜੇ ਫਿਰਦੇ ਹਨ। ਆਪਣੀ ਵਡਿਆਈ ਕਰਵਾਉਣ ਲਈ ਉਹਨਾਂ ਨੂੰ ਭਾਵੇਂ ਦੂਜਿਆਂ ਦੀ ਕਿੰਨੀ ਵੀ ਬੇਇੱਜ਼ਤੀ ਕਰਨੀ ਪਵੇ, ਗੁਰੇਜ਼ ਨਹੀਂ ਕਰਦੇ। ਵੱਡੀਆਂ ਪਦਵੀਆਂ ਪਾਉਣ ਲਈ ਉਲਟੇ ਸਿੱਧੇ ਰਸਤੇ ਅਪਨਾਉਣਾ, ਵਿਧਾਇਕਾਂ ਅਤੇ ਮੰਤਰੀਆਂ ਦੀਆਂ ਕੁਰਸੀਆਂ ਪਿੱਛੇ ਕੀ ਕੁਝ ਨਹੀਂ ਹੁੰਦਾ? ਚੋਣਾਂ ਵੇਲੇ ਇਕ ਦੂਜੇ ਤੇ ਕੀ ਕੀ ਦੋਸ਼ ਨਹੀਂ ਲਗਾਏ ਜਾਂਦੇ? ਵੱਡੀਆਂ ਕੁਰਸੀਆਂ ਤੇ ਬੈਠ ਕੇ ਲੋਕਾਂ ਦੇ ਫੰਡਾਂ ਦੀ ਦੁਰਵਰਤੋਂ ਕਰਕੇ ਆਪਣਾ ਹੀ ਪੇਟ ਪਾਲਣਾ, ਆਪਣੇ ਪਰਿਵਾਰ ਤੇ ਰਿਸ਼ਤੇਦਾਰਾਂ ਨੂੰ ਦੂਜਿਆਂ ਦੇ ਹੱਕ ਮਾਰ ਕੇ ਲਾਭ ਦੇਣਾ ਅਤੇ ਉਨ੍ਹਾਂ ਲਈ ਜਾਇਦਾਦਾਂ ਇਕੱਠੀਆਂ ਕਰਨੀਆਂ, ਦੂਜਿਆਂ ਨਾਲ ਵਧੀਕੀਆਂ ਕਰਨੀਆਂ। ਕੀ ਇਹੋ ਹੀ ਜੀਵਨ ਦਾ ਮੰਤਵ ਹੈ?

ਸੰਤਾਨ ਪੈਦਾ ਕਰਨਾ, ਉਨ੍ਹਾਂ ਲਈ ਮੇਹਨਤ ਮਜ਼ਦੂਰੀ ਸਾਰੀ ਉਮਰ ਕਰਦੇ ਰਹਿਣਾ, ਉਨ੍ਹਾਂ ਦੀ ਪਾਲਣਾ ਪੋਸ਼ਣਾ ਲਈ ਮੁਸ਼ੱਕਤ ਘਾਲਣੀ, ਕੇਵਲ ਇਹੋ ਤਾਂ ਜੀਵਨ ਆਦਰਸ਼ ਨਹੀਂ ਹੈ !

ਵੱਖਰੇ ਵੱਖਰੇ ਧਰਮਾਂ ਤੇ ਮੱਤਾਂ ਦੀਆਂ ਆਪਣੀਆਂ ਆਪਣੀਆਂ ਰਾਵਾਂ ਹਨ। ਕੋਈ ਕੇਵਲ ਮੁਕਤੀ ਨੂੰ ਹੀ ਜੀਵਨ ਦਾ ਮਤਲਬ ਸਮਝਦਾ ਹੈ। ਕੋਈ ਕੇਵਲ ਬ੍ਰਹਮ ਗਿਆਨ ਜਾਂ ਸੰਸਾਰੀ ਗਿਆਨ ਨੂੰ ਹੀ ਮਹੱਤਤਾ ਦਿੰਦਾ ਹੈ ਅਤੇ ਬ੍ਰਹਮ ਗਿਆਨ ਨੂੰ ਹੀ ਰੱਬ ਮੰਨਦਾ ਹੈ। ਕੋਈ ਸੰਸਾਰ ਵਿਚ ਆ ਕੇ ਸੰਸਾਰ ਦੇ ਭਲੇ ਲਈ ਕੀਤੇ ਸ਼ੁੱਭ ਕਰਮਾਂ ਤੱਕ ਹੀ ਜੀਵਨ ਦਾ ਲਕਸ਼ ਦੱਸਦਾ ਹੈ।

ਇਨਸਾਨ ਪੈਦਾ ਹੋਇਆ, ਮਾਂ ਬਾਪ ਨੇ ਉਸ ਨੂੰ ਲਾਡ ਪਿਆਰ ਦਿੱਤਾ, ਪਾਲਣਾ ਪੋਸਣਾ ਕੀਤੀ। ਹਾਣੀਆਂ ਨਾਲ ਲੜਕਪਨ ਦੇ ੧੫-੧੬ ਸਾਲ ਬਿਨਾਂ ਕਿਸੇ ਮਤਲਬ ਦੇ, ਸਮਝ ਦੇ, ਕੇਵਲ ਮਨ ਪ੍ਰਚਾਵੇ ਲਈ ਹੀ ਹੱਸਦਾ ਖੇਡਦਾ ਰਿਹਾ। ਲੜਕਪਨ ਗਿਆ, ਜੁਆਨੀ ਆਈ, ਦੁਨੀਆਂ ਨੂੰ ਕੁੱਝ ਸਮਝਿਆ, ਦੁਨਿਆਵੀ ਵਿੱਦਿਆ ਪ੍ਰਾਪਤ ਕੀਤੀ। ਗ੍ਰਹਿਸਥ ਵਿਚ ਪੈਰ ਪਾਇਆ। ਕੰਮ ਕਾਜ (ਕਾਰੋਬਾਰ) ਕੀਤਾ। ਆਪ ਬੱਚੇ ਦੀ ਥਾਂ ਬੱਚਿਆਂ ਦਾ ਮਾਂ ਬਾਪ ਬਣ ਗਿਆ।

ਦੁਨੀਆਂ ਵਿਚ ਕੁਝ ਭਲਾ ਕੀਤਾ ਕੁਝ ਬੁਰਾ ਕੀਤਾ। ਕਿਸੇ ਨਾਲ ਪਿਆਰ ਪਾਇਆ, ਕਿਸੇ ਨਾਲ ਦੁਸ਼ਮਣੀ ਕੀਤੀ। ਕਿਸੇ ਦੀ ਇੱਜ਼ਤ ਕੀਤੀ ਕਿਸੇ ਨੂੰ ਬੇਇੱਜ਼ਤ ਕੀਤਾ। ਕਦੇ ਰੋਇਆ, ਕਦੇ ਹੱਸਿਆ। ਕਦੇ ਦੁੱਖ ਤੇ ਕਦੇ ਸੁੱਖ ਭੋਗਿਆ। ਸਰੀਰਕ ਅਤੇ ਮਾਨਸਿਕ ਬੀਮਾਰੀਆਂ ਭੋਗੀਆਂ।

ਬਚਪਨ, ਲੜਕਪਨ, ਜੁਆਨੀ ਲੰਘ ਕੇ ਬੁਢੇਪੇ 'ਚ ਪੈਰ ਪਾਇਆ, ਸਰੀਰ ਦਾ ਤਾਣ

ਜਾਂਦਾ ਰਿਹਾ, ਦੂਜਿਆਂ ਦਾ ਮੁਥਾਜ ਹੋ ਗਿਆ। ਸਰੀਰਕ ਅੰਗ ਵਾਰੋ ਵਾਰੀ ਜੁਆਬ ਦੇਣ ਲੱਗ ਪਏ। ਅੰਤ ਸਾਰੇ ਅੰਗ ਜੁਆਬ ਦੇ ਗਏ। ਅਖੀਰ ਭੌਰ (ਆਤਮਾ) ਦੇ ਰਹਿਣ ਲਈ ਵੀ ਇਹ ਸਰੀਰ ਰੂਪੀ ਮਕਾਨ ਕਾਬਿਲ ਨਾ ਰਿਹਾ, ਉਹ ਉਡ ਗਿਆ। ਕੀ ਕੇਵਲ ਇੰਨਾ ਹੀ ਜੀਵਨ ਦਾ ਮਤਲਬ ਹੈ?

ਆਓ ਵਿਚਾਰੀਏ, ਗੁਰਬਾਣੀ ਜੀਵਨ ਦਾ ਕੀ ਅਰਥ ਦੱਸਦੀ ਹੈ? ਮਨੁੱਖਾ ਜਨਮ ਕੀ ਹੈ ? ਗੁਰੂ-ਗੁਰਬਾਣੀ ਕੀ ਕਰਨ ਨੂੰ ਆਖਦੀ ਹੈ ? ਸੰਸਾਰ ਵਿਚ ਮਨੁੱਖਾ ਜਨਮ ਲੈਣ ਦਾ ਕੀ ਲਾਹਾ ਹੈ? ਬ੍ਰਹਮੰਡ ਦੀ ਰਚਨਾ ਦਾ ਕੋਈ ਅੰਤ ਨਹੀਂ, ਜੂਨੀਆਂ ਦਾ ਅੰਤ ਨਹੀਂ। ਸੋ ਮਨੁੱਖਾ ਜੂਨੀ ਕਿਵੇਂ ਮਿਲੀ ਹੈ ਤੇ ਇਸ ਦਾ ਕੀ ਮਨੋਰਥ ਹੈ, ਕਿਉਂ ਮਿਲੀ ਹੈ? ਗੁਰਬਾਣੀ ਸਮਝਾਉਂਦੀ ਹੈ, ਜ਼ਰਾ ਵੇਖੋ :-

**ਕਈ ਜਨਮ ਭਏ ਕੀਟ ਪਤੰਗਾ ॥ ਕਈ ਜਨਮ ਗਜ ਮੀਨ ਕੁਰੰਗਾ ॥ ਕਈ ਜਨਮ ਪੰਖੀ ਸਰਪ ਹੋਇਓ ॥ ਕਈ ਜਨਮ ਹੈਵਰ ਬ੍ਰਿਖ ਜੋਇਓ ॥੧॥ ਮਿਲੁ ਜਗਦੀਸ ਮਿਲਨ ਕੀ ਬਰੀਆ ॥ ਚਿਰੰਕਾਲ ਇਹ ਦੇਹ ਸੰਜਰੀਆ ॥੧॥ ਰਹਾਉ ॥ ਕਈ ਜਨਮ ਸੈਲ ਗਿਰਿ ਕਰਿਆ ॥ ਕਈ ਜਨਮ ਗਰਭ ਹਿਰਿ ਖਰਿਆ ॥ ਕਈ ਜਨਮ ਸਾਖ ਕਰਿ ਉਪਾਇਆ ॥ ਲਖ ਚਉਰਾਸੀਹ ਜੋਨਿ ਭ੍ਰਮਾਇਆ ॥੨॥** (ਅੰਗ-੧੭੬)

ਮਨੁੱਖਾ ਜਨਮ ਲੈਣ ਤੋਂ ਪਹਿਲਾਂ ਇਹ ਜੀਵ ਬੇ-ਅੰਤ ਜੂਨੀਆਂ ਭੋਗਦਾ ਹੈ। ਗੁਰਬਾਣੀ ਦਾ ਫੁਰਮਾਨ ਹੈ ਕਿ ਬਹੁਤ ਸਾਰੇ ਜਨਮ ਇਹ ਕੀੜੇ ਪਤੰਗੇ ਬਣਿਆ ਰਿਹਾ। ਕਈ ਜਨਮ ਇਹ ਹਾਥੀ, ਮੱਛੀ ਤੇ ਹਿਰਨਾਂ ਦੀਆਂ ਜੂਨੀਆਂ ਵਿਚ ਪਿਆ ਰਿਹਾ। ਪੰਛੀਆਂ ਤੇ ਸੱਪਾਂ ਦੀਆਂ ਜੂਨੀਆਂ ਵੀ ਇਸ ਨੇ ਬਾਰ ਬਾਰ ਭੋਗੀਆਂ। ਘੋੜੇ ਤੇ ਬਲਦਾਂ ਆਦਿ ਭਾਵ ਪਸ਼ੂਆਂ ਦੀਆਂ ਜੂਨੀਆਂ ਭੁਗਤੀਆਂ।

ਇਥੇ ਹੀ ਬੱਸ ਨਹੀਂ ਇਹ ਜੜ੍ਹ ਵਸਤੂਆਂ ਦੀਆਂ ਜੂਨਾਂ ਵਿਚ ਵੀ ਪਇਆ ਜਿਵੇਂ ਕਿ ਪੱਥਰ, ਪਹਾੜ ਤੇ ਚੱਟਾਨਾਂ ਆਦਿ। ਬੇਅੰਤ ਵਾਰ ਕਿਸੇ ਜੂਨੀ ਵਿਚ ਪੈਣ ਲਈ ਗਰਭ ਵਿਚ ਵਾਸਾ ਕੀਤਾ ਪਰ ਕਈ ਬਾਰ ਜਨਮ ਲੈਣ ਤੋਂ ਪਹਿਲਾਂ ਹੀ ਪੇਟ ਵਿੱਚ ਹੀ ਖਰਾਬ ਹੋਇਆ।

ਅਨੇਕਾਂ ਹੀ ਜਨਮ ਇਸ ਨੇ ਬਨਸਪਤੀ, ਪੇੜ, ਬੇਲ ਬੂਟਿਆਂ ਦੇ ਭੋਗੇ। ਅਨਾਜ, ਫਲ, ਸਬਜੀ ਦੇ ਬੂਟਿਆਂ ਦੀ ਵੀ ਜੂਨੀ ਹੈ। "**ਜੇਤੇ ਦਾਣੇ ਅੰਨ ਕੇ ਜੀਆ ਬਾਝੁ ਨ ਕੋਇ ॥**" ਇਸ ਤਰ੍ਹਾਂ ਚੌਰਾਸੀ ਲੱਖ ਜੂਨਾਂ ਭੋਗ ਭੋਗ ਕੇ ਜੀਵ ਨੂੰ ਪ੍ਰਭੂ ਦੀ ਕ੍ਰਿਪਾ ਨਾਲ, ਇਹ ਮਨੁੱਖਾ ਦੇਹੀ ਮਿਲੀ ਹੈ। '**ਕਰਮੀ ਆਵੈ ਕਪੜਾ ਨਦਰੀ ਮੋਖੁ ਦੁਆਰੁ ॥**' ਕਪੜਾ ਸਰੀਰ ਨੂੰ ਕਿਹਾ ਹੈ ਜੋ ਕੀਤੇ ਕਰਮਾਂ ਦੇ ਮੁਤਾਬਿਕ ਮਿਲਦਾ ਹੈ। ਗੁਰਬਾਣੀ ਫਰਮਾਉਂਦੀ ਹੈ ਕਿ ਇਹ ਦੇਹੀ ਤੈਨੂੰ ਉਸ ਜਗਤ ਦੇ ਮਾਲਿਕ ਵਾਹਿਗੁਰੂ ਨੂੰ ਮਿਲਣ ਲਈ ਮਿਲੀ ਹੈ ਅਤੇ ਚਿਰਾਂ ਪਿਛੋਂ ਮਿਲੀ ਹੈ।

ਜ਼ਰਾ ਸੰਭਲ!

ਮਨੁੱਖ ਸਾਰੀਆਂ ਜੋਨੀਆਂ ਵਿਚੋਂ 'ਅਸ਼ਰਫੁਲ ਮਖਲੂਕਾਤ' ਹੈ, ਭਾਵ ਬਾਕੀ ਸਾਰੀਆਂ ਜੂਨੀਆਂ ਦਾ ਸਰਦਾਰ ਸਮਝਿਆ ਜਾਂਦਾ ਹੈ ਇਸ ਤਰ੍ਹਾਂ ਮਨੁੱਖਾ ਜੋਨੀ, ਸਾਰੀਆਂ ਜੋਨੀਆਂ ਤੋਂ ਸ਼੍ਰੇਸ਼ਟ ਹੈ, ਉੱਤਮ ਹੈ:-

**ਲਖ ਚਉਰਾਸੀਹ ਜੋਨਿ ਸਬਾਈ ॥ ਮਾਣਸ ਕਉ ਪ੍ਰਭਿ ਦੀਈ ਵਡਿਆਈ ॥**
**ਇਸੁ ਪਉੜੀ ਤੇ ਜੋ ਨਰੁ ਚੂਕੈ ਸੋ ਆਇ ਜਾਇ ਦੁਖੁ ਪਾਇਦਾ ॥** (ਅੰਗ-੧੦੭੫)

ਮੋਟੇ ਤੌਰ ਤੇ ਚਉਰਾਸੀ ਲੱਖ ਜੂਨਾਂ ਮੰਨੀਆਂ ਜਾਂਦੀਆਂ ਹਨ। ਮਨੁੱਖੀ ਜੀਵ ਕਿਸੇ ਜੂਨ ਵਿੱਚ ਆਉਂਦਾ ਹੈ, ਜਾਂਦਾ ਹੈ, ਆਵਾਗਵਨ 'ਚ ਰਹਿੰਦਾ ਹੈ। ਪਰ ਇਸ ਪਉੜੀ (ਮਨੁੱਖਾ ਦੇਹੀ) ਦੀ ਸੰਭਾਲ ਨਹੀਂ ਕਰਦਾ। ਇਸ ਨੂੰ ਚੰਗੇ ਪਾਸੇ ਨਹੀਂ ਲਾਉਂਦਾ। ਵਾਹਿਗੁਰੂ ਨੇ ਇਸ ਨੂੰ ਵਡਿਆਈ ਦਿੱਤੀ ਹੈ, ਇਹ ਸਰੀਰ ਬਖਸ਼ਿਆ ਹੈ; ਇਸ ਵੇਲੇ ਇਸ ਨੂੰ ਸਾਰੀ ਸੋਝੀ ਹੁੰਦੀ ਹੈ, ਬੁਰੇ ਦੀ, ਭਲੇ ਦੀ, ਲੋਕ ਦੀ, ਪ੍ਰਲੋਕ ਦੀ, ਕਿ ਪ੍ਰਲੋਕ ਵੀ ਕੋਈ ਹੈ ਅਤੇ ਮੌਤ ਤੋਂ ਬਾਅਦ ਲੋਕ ਤੋਂ ਪ੍ਰਲੋਕ ਜਾਣਾ ਪੈਣਾ ਹੈ, ਇਸ ਦੀ ਸੋਝੀ ਵੀ ਸਤਿਗੁਰੂ ਦਿੰਦੇ ਹਨ।

ਕੌਣ ਨਹੀਂ ਜਾਣਦਾ ਕਿ ਮਨੁੱਖ ਤੋਂ ਹੋਰ ਦੂਜੀਆਂ ਸਾਰੀਆਂ ਜੂਨੀਆਂ ਨੀਵੀਆਂ ਹਨ, ਇਸ ਦੇ ਮਾਤਹਿਤ ਹਨ ਸਾਰੀਆਂ, ਦੂਜੀਆਂ ਜੂਨਾਂ ਨੂੰ ਮਨੁੱਖ ਅਪਣੇ ਕਾਬੂ ਹੇਠ ਕਰ ਲੈਂਦਾ ਹੈ। ਪਰ ਜਦੋਂ ਜੀਵਨ ਦੇ ਰਹੱਸ ਨੂੰ ਸਮਝਦਾ ਨਹੀਂ, ਇਸ ਜੀਵਨ ਦਾ ਅਰਥ ਨਹੀਂ ਸੋਚਦਾ, ਆਪਣੀ ਔਕਾਤ ਨੂੰ ਨਹੀਂ ਪਛਾਣਦਾ, ਤਾਂ ਆਵਣ-ਜਾਣ ਦੇ ਦੁਖਦਾਈ ਚੱਕਰ ਵਿਚ ਫਸਿਆ ਰਹਿੰਦਾ ਹੈ।

ਕੀ ਕੁੱਤੇ, ਬਿੱਲੇ, ਗਧੇ ਦੀ ਜੂਨ ਚੰਗੀ ਹੈ ?

ਕੀ ਖੋਤਾ, ਹਾਥੀ, ਘੋੜਾ, ਗਊ, ਭੈਂਸ, ਬਲਦ

ਮਨੁੱਖਾਂ ਨਾਲੋਂ ਚੰਗੇ ਹਨ?

ਕੀ ਕੀੜੇ, ਮਕੌੜੇ, ਪੰਛੀ, ਸੱਪ, ਸਪੋਲੀਏ, ਮੱਖੀ, ਮੱਛਰਾਂ ਦੀਆਂ ਜੂਨਾਂ ਮਨੁੱਖ ਜੂਨੀ ਤੋਂ ਭੈੜੀਆਂ ਨਹੀਂ?

ਕੀ ਪਸ਼ੂ, ਪੰਛੀ, ਚਾਰ ਖਾਣੀਆਂ-ਅੰਡਜ, ਜੇਰਜ, ਸੇਤਜ, ਉਤਭੁਜ (ਅੰਡਿਆਂ ਤੋਂ ਪੈਦਾ ਹੋਣ ਵਾਲੇ ਜੀਵ, ਜੇਰ ਤੋਂ ਪੈਦਾ ਹੋਣ ਵਾਲੇ, ਦੂਜੇ ਸਰੀਰਾਂ ਤੋਂ ਉਪਜਣ ਵਾਲੇ ਜੰਤੂ ਜਾਂ ਆਕਾਸ਼ ਵਿੱਚ ਕੁਦਰਤੀ ਤੌਰ ਤੋਂ ਪੈਦਾ ਹੋਣ ਵਾਲੇ ਜੀਵ ਅਤੇ ਬਨਾਸਪਤੀ), ਇਨ੍ਹਾਂ ਸਭਨਾਂ ਤੋਂ ਮਨੁੱਖ ਦਾ ਸ਼੍ਰੇਸ਼ਟ ਹੋਣ ਵਿਚ ਕੋਈ ਸ਼ੱਕ ਹੈ ?

**ਅਵਰ ਜੋਨਿ ਤੇਰੀ ਪਨਿਹਾਰੀ ॥**
**ਇਸੁ ਧਰਤੀ ਮਹਿ ਤੇਰੀ ਸਿਕਦਾਰੀ ॥** (ਅੰਗ-੩੭੪)

ਇਸ ਲੋਕ ਵਿਚ ਮਨੁੱਖ ਦੀ ਹੀ ਸਰਦਾਰੀ ਹੈ, ਕਿਉਂ ਜੁ ਇਹ ਬਾਕੀ ਸਭ ਜੂਨੀਆਂ ਵਿਚੋਂ ਸ਼੍ਰੇਸ਼ਟ ਹੈ।

ਮਨੁੱਖੀ ਆਤਮਾ, ਉਸ ਸਰਬੋਤਮ ਪਰਮ-ਆਤਮਾ ਰੂਪੀ ਸਾਗਰ ਦੀ ਇਕ ਬੂੰਦ ਦੀ ਤਰ੍ਹਾਂ ਹੈ, ਉਸ ਦਾ ਇਕ ਜ਼ੱਰਾ ਹੈ, ਕਿਨਕਾ ਹੈ! ਕਿਸਦਾ? ਉਸਦਾ ਜਿਸ ਨੂੰ ਵਾਹਿਗੁਰੂ, ਪਾਰਬ੍ਰਹਮ ਪ੍ਰਮਾਤਮਾ, ਅਕਾਲ ਪੁਰਖ ਜਾਂ ਰੱਬ, ਅੱਲਾਹ, ਰਾਮ ਆਦਿ ਨਾਵਾਂ ਨਾਲ ਜਾਣਿਆ ਜਾਂਦਾ ਹੈ:-

**ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ ॥**
**ਮਨ ਹਰਿ ਜੀ ਤੇਰੈ ਨਾਲਿ ਹੈ ਗੁਰਮਤੀ ਰੰਗੁ ਮਾਣੁ ॥** (ਅੰਗ-੪੪੧)

ਸਾਡੀ ਆਤਮਾ ਇਕ ਪੂਰਨ, ਸਮੁੱਚੀ ਜੋਤ, ਪਰਮ ਆਤਮਾ ਤੋਂ ਵਿਛੜੀ ਹੋਈ ਰੂਹ ਹੈ। ਕਿਸੇ ਵੱਡੇ ਪਾਵਰ ਹਾਊਸ ਡੈਮ ਦਾ ਲਿਸ਼ਕਾਰਾ ਹੈ। ਨਿੱਕੇ ਮੋਟੇ ਬਿਜਲੀ ਦੇ ਬਲਬ ਜਗਦੇ ਹਨ, ਉਨ੍ਹਾਂ ਦਾ ਕੁਨੈਕਸ਼ਨ, ਪਾਵਰ ਹਾਊਸ ਨਾਲ ਹੁੰਦਾ ਹੈ। ਕੁਨੈਕਸ਼ਨ ਤੋੜ ਦਿਓ, ਕੀ ਬਲਬ ਜਗੇਗਾ? ਜੋਤਿ ਜੋ ਸਾਰੇ ਬ੍ਰਹਮੰਡ ਵਿਚ ਪਸਰ ਰਹੀ ਹੈ, ਹਰ ਥਾਂ ਮੌਜੂਦ ਹੈ। ਸਭ ਦੇ ਅੰਦਰ ਹੈ:-

**ਜਲਸ ਤੁਹੀ । ਥਲਸ ਤੁਹੀ । ਨਦਿਸ ਤੁਹੀ । ਨਦਸ ਤੁਹੀ ।**
**ਬ੍ਰਿਛਸ ਤੁਹੀ । ਪਤਸ ਤੁਹੀ । ਛਿਤਸ ਤੁਹੀ । ਉਰਧਸ ਤੁਹੀ ।**
(ਅਕਾਲ ਉਸਤਤਿ, ੬੩-੬੪)

ਉਹ ਜਲ ਵਿਚ ਹੈ, ਥਲ ਵਿਚ ਹੈ। ਐਥੇ ਹੈ, ਉਥੇ ਹੈ, ਬਣਾਂ 'ਚ ਹੈ, ਧਰਤੀ 'ਚ ਹੈ। ਆਕਾਸ਼ 'ਚ ਹੈ।

ਨਦੀਆਂ ਵਿੱਚ ਵੀ ਉਹੀ ਹੈ ਅਤੇ ਸਮੁੰਦਰਾਂ ਵਿੱਚ ਵੀ ਉਹੋ ਹੀ ਜੋਤ ਹੈ।

ਬ੍ਰਿਖਾਂ ਵਿੱਚ ਅਤੇ ਬ੍ਰਿਖਾਂ ਦੇ ਪੱਤਿਆਂ 'ਚ ਵੀ ਉਹੀ ਹੈ। ਇਸੇ ਤਰ੍ਹਾਂ ਪਰਮ ਆਤਮਾ ਦੀ ਅੰਸ਼ ਮਨੁੱਖੀ ਆਤਮਾ ਵੀ ਉਹੋ ਹੀ ਹੈ।

**ਸਭ ਮਹਿ ਜੋਤਿ ਜੋਤਿ ਹੈ ਸੋਇ ॥**
**ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ ॥** (ਅੰਗ ੧੩)

ਬਸ ਮਨੁੱਖੀ ਜੀਵਨ ਦਾ ਫਰਜ਼ ਹੀ ਆਪਣੇ ਸਰੂਪ ਨੂੰ ਪਛਾਨਣ ਦਾ ਹੈ, ਆਪਣੇ ਮੂਲ ਪਾਵਰ ਹਾਊਸ ਨਾਲ ਕੁਨੈਕਸ਼ਨ ਜੋੜਨ ਦਾ ਹੈ।

**ਏ ਸਰੀਰਾ ਮੇਰਿਆ ਹਰਿ ਤੁਮ ਮਹਿ ਜੋਤਿ ਰਖੀ ਤਾ ਤੂ ਜਗ ਮਹਿ ਆਇਆ ॥ ਹਰਿ ਜੋਤਿ ਰਖੀ ਤੁਧੁ ਵਿਚਿ ਤਾ ਤੂ ਜਗ ਮਹਿ ਆਇਆ ॥ ਹਰਿ ਆਪੇ ਮਾਤਾ ਆਪੇ ਪਿਤਾ ਜਿਨਿ ਜੀਉ ਉਪਾਇ ਜਗਤੁ ਦਿਖਾਇਆ ॥ ਗੁਰ ਪਰਸਾਦੀ ਬੁਝਿਆ ਤਾ ਚਲਤੁ ਹੋਆ ਚਲਤੁ ਨਦਰੀ ਆਇਆ ॥ ਕਹੈ ਨਾਨਕੁ ਸ੍ਰਿਸਟਿ ਕਾ ਮੂਲੁ ਰਚਿਆ ਜੋਤਿ ਰਾਖੀ ਤਾ ਤੂ ਜਗ ਮਹਿ ਆਇਆ ॥** (ਅੰਗ-੯੨੧)

ਇਸ ਸਰੀਰ ਵਿਚ ਜਦੋਂ ਜੋਤਿ ਰੱਖੀ ਗਈ, ਮਨੁੱਖ ਤਾਂ ਹੀ ਅਖਵਾ ਸਕਿਆ। ਸਰੀਰ, ਜੋਤਿ (ਜੀਵ ਆਤਮਾ) ਤੋਂ ਬਿਨਾਂ ਮੁਰਦਾ ਹੈ, ਜੋਤਿ ਵਾਹਿਗੁਰੂ ਨੇ ਰਖੀ ਤਾਂ ਜੀਵਨ ਪਾਇਆ, ਸੰਸਾਰ ਵਿਚ ਆਇਆ। ਜੇਕਰ ਤੇਰੀ ਜੋਤਿ ਇਸ ਸਰੀਰ ਵਿਚ ਨਾ ਰੱਖੀ ਜਾਂਦੀ ਤਾਂ ਸਰੀਰ, ਜੋ ਦੁਨਿਆਵੀ ਮਾਤਾ ਪਿਤਾ ਦੇ ਰਕਤ-ਬਿੰਦ ਤੋਂ ਪੰਜ ਤੱਤਾਂ ਦਾ ਮਿਲਕੇ ਬਣਿਆ ਹੈ, ਮਾਂ ਦੇ ਪੇਟ ਤੋਂ ਬਾਹਰ ਆ ਕੇ ਮੁਰਦਾ ਹੀ ਅਖਵਾਉਣਾ ਸੀ। ਜੀਵਨ ਤਾਂ ਕੇਵਲ ਤੇਰੇ ਅੰਦਰ ਜੋਤਿ ਰੱਖਣ ਦਾ ਹੀ ਕ੍ਰਿਸ਼ਮਾ ਹੈ।

ਜੋ ਸਾਡਾ ਸਰੀਰ ਬਣਿਆ ਹੈ, ਇਸ ਵਿੱਚ ਜੀਵ ਆਤਮਾ ਜੋ ਵਾਸ ਕਰਦੀ ਹੈ, ਉਸ ਨੂੰ ਪਛਾਨਣ ਦੀ ਲੋੜ ਹੈ। ਉਸ ਲਈ ਕਬੀਰ ਜੀ ਗੋਂਡ ਰਾਗ ਦਾ ਸ਼ਬਦ ਉਚਾਰਦੇ ਹੋਏ ਦੱਸਦੇ ਹਨ :-

**ਗੋਂਡ ॥ ਨਾ ਇਹੁ ਮਾਨਸੁ ਨਾ ਇਹੁ ਦੇਉ ॥ ਨਾ ਇਹੁ ਜਤੀ ਕਹਾਵੈ ਸੇਉ ॥ ਨਾ ਇਹੁ ਜੋਗੀ ਨਾ ਅਵਧੂਤਾ ॥ ਨਾ ਇਸੁ ਮਾਇ ਨ ਕਾਹੂ ਪੂਤਾ ॥੧॥ ਇਆ ਮੰਦਰ ਮਹਿ ਕੌਨ ਬਸਾਈ ॥ ਤਾ ਕਾ ਅੰਤੁ ਨ ਕੋਊ ਪਾਈ ॥੧॥ ਰਹਾਉ ॥ ਨਾ ਇਹੁ ਗਿਰਹੀ ਨਾ ਓਦਾਸੀ ॥ ਨਾ ਇਹੁ ਰਾਜ ਨ ਭੀਖ ਮੰਗਾਸੀ ॥ ਨਾ ਇਸੁ ਪਿੰਡੁ ਨ ਰਕਤੂ ਰਾਤੀ ॥ ਨਾ ਇਹੁ ਬ੍ਰਹਮਨੁ ਨਾ ਇਹੁ ਖਾਤੀ ॥੨॥ ਨਾ ਇਹੁ ਤਪਾ ਕਹਾਵੈ ਸੇਖੁ ॥ ਨਾ ਇਹੁ ਜੀਵੈ ਨ ਮਰਤਾ ਦੇਖੁ ॥ ਇਸੁ ਮਰਤੇ ਕਉ ਜੇ ਕੋਊ ਰੋਵੈ ॥ ਜੋ ਰੋਵੈ ਸੋਈ ਪਤਿ ਖੋਵੈ ॥੩॥ ਗੁਰ ਪ੍ਰਸਾਦਿ ਮੈ ਡਗਰੋ ਪਾਇਆ ॥ ਜੀਵਨ ਮਰਨੁ ਦੋਊ ਮਿਟਵਾਇਆ ॥ ਕਹੁ ਕਬੀਰ ਇਹੁ ਰਾਮ ਕੀ ਅੰਸੁ ॥ ਜਸ ਕਾਗਦ ਪਰ ਮਿਟੈ ਨ ਮੰਸੁ ॥੪॥** (ਅੰਗ-੮੭੧)

ਇਹ ਸ਼ਬਦ ਜੀਵ-ਆਤਮਾ ਦੇ ਗੁਣ ਬਿਆਨ ਕਰਦਾ ਹੈ। ਮੁੱਢਲੀ ਗੱਲ ਜੋ ਇਸ ਵਿੱਚ ਸਮਝਾਈ ਗਈ ਹੈ, ਕਿ ਜੀਵ-ਆਤਮਾ ਨੂੰ ਰਾਮ (ਵਾਹਿਗੁਰੂ) ਦੀ ਅੰਸ਼ ਕਿਹਾ ਗਿਆ ਹੈ। ਜਿਵੇਂ ਕਾਗਜ਼ ਉੱਤੇ ਲੱਗੀ ਸਿਆਹੀ ਨਹੀਂ ਮਿੱਟ ਸਕਦੀ, ਇਸ ਤਰਾਂ ਇਹ ਗੱਲ ਪੱਕੀ ਹੈ ਕਿ ਸਾਡੀ ਜੀਵ-ਆਤਮਾ ਵਾਹਿਗੁਰੂ ਜੀ (ਪਰਮ-ਆਤਮਾ) ਦਾ ਅੰਗ ਹੈ।

ਵਾਹਿਗੁਰੂ ਜੀ ਦਾ ਨਾਮ ਪਰਮਾਤਮਾ ਹੈ, ਜ਼ਰਾ ਇਸ ਦਾ ਸੰਧੀ ਛੇਦ ਕਰਕੇ ਸਮਝੀਏ;

ਪਰਮ+ਆਤਮਾ। ਪਰਮ ਤੋਂ ਭਾਵ ਸਭ ਤੋਂ ਉੱਚੀ, ਮੁੱਢਲੀ ਜਾਂ ਆਤਮਾਵਾਂ ਦਾ ਸੋਮਾ, ਭੰਡਾਰ-ਸੋ ਅਸੀਂ ਪ੍ਰਮਾਤਮਾ ਦੀ ਅੰਸ਼ ਹੋਣ ਕਰਕੇ ਆਤਮਾ ਅਖਵਾਉਂਦੇ ਹਾਂ। ਇਸ ਦਾ ਸੁਭਾਅ ਇਸ ਤਰਾਂ ਸਮਝਣਾ ਚਾਹੀਦਾ ਹੈ:-

ਨਾ ਇਹ ਆਤਮਾ ਮਨੁੱਖ ਹੈ ਅਤੇ ਨਾ ਇਹ ਦੇਵਤਾ ਹੈ, ਭਾਵ ਮਨੁੱਖ ਅਤੇ ਦੇਵਤਿਆਂ ਦੇ ਚਰਿੱਤ੍ਰ ਤੋਂ ਵੀ ਇਹ ਉੱਚੀ ਹੈ। ਨਾ ਇਹ ਜਤੀ ਅਖਵਾਂਉਂਦੀ ਹੈ ਅਤੇ ਨਾ ਹੀ ਇਸ ਨੂੰ ਸ਼ਿਵ ਦਾ ਭਗਤ ਕਹਿ ਸਕਦੇ ਹਾਂ।

ਨਾ ਇਹ ਆਤਮਾ, ਕੰਨ ਪਾਟਾ ਜੋਗੀ ਹੈ ਅਤੇ ਨਾ ਹੀ ਅਵਧੂਤ ਪਿੰਡੇ ਤੇ ਸੁਆਹ ਮਲ ਕੇ ਸੰਸਾਰ ਵਿੱਚ ਵਿਚਰਨ ਵਾਲਾ ਸਾਧੂ ਹੈ। ਨਾ ਇਸ ਦੀ ਕੋਈ ਮਾਂ ਹੈ, ਨਾ ਹੀ ਇਹ ਕਿਸੇ ਦਾ ਪੁੱਤਰ ਜਾਂ ਧੀ ਹੈ, ਕਿਉਂਕਿ ਇਹ ਰਾਮ ਦੀ ਅੰਸ਼ ਜੋ ਹੋਈ! ਸਾਡੇ ਇਸ ਸਰੀਰ ਵਿੱਚ ਕੌਣ ਵਸ ਰਿਹਾ ਹੈ। ਜੋ ਇਸ ਸਰੀਰ ਨੂੰ ਚਲਾ ਰਿਹਾ ਹੈ। ਇਸ ਦਾ ਭੇਦ ਪਾਉਣਾ ਬੜਾ ਮੁਸ਼ਕਿਲ ਹੈ।

ਜੀਵ-ਆਤਮਾ ਨਾ ਤਾਂ ਇਹ ਗ੍ਰਹਿਸਥੀ ਹੈ ਅਤੇ ਨਾ ਇਹ ਉਦਾਸੀ ਹੈ ਅਤੇ ਨਾ ਹੀ ਬੈਰਾਗੀ ਹੈ। ਨਾ ਇਹ ਰਾਜਾ ਹੈ ਨਾ ਇਹ ਭਿਖਾਰੀ ਹੈ।

ਸਾਡੇ ਸਰੀਰ ਵਰਗਾ ਜਾਂ ਦ੍ਰਿਸ਼ਟੀਮਾਨ ਬ੍ਰਹਮੰਡ ਵਰਗਾ ਇਸ ਦਾ ਕੋਈ ਠੋਸ ਰੂਪ ਆਕਾਰ ਨਹੀਂ, ਕਿਉਂਕਿ ਇਹ ਸੂਖਮ ਹੈ, ਸੂਖਮ ਤੋਂ ਵੀ ਸੂਖਮ ਹੈ। ਇਸ ਵਿੱਚ ਰੱਤੀ ਭਰ ਵੀ ਲਹੂ ਨਹੀਂ ਹੈ। ਇਹ ਬ੍ਰਾਹਮਣ ਵੀ ਨਹੀਂ ਅਤੇ ਖਤ੍ਰੀ ਵੀ ਨਹੀਂ ਹੈ।

ਤਪ ਕਰਨ ਵਾਲਾ, ਤਪੱਸਵੀ ਕਹਾਉਣ ਵਾਲਾ ਵੀ ਇਹ ਨਹੀਂ ਹੈ। ਨਾ ਹੀ ਕੋਈ ਸ਼ੇਖ (ਮੁਸਲਮਾਨੀ ਇੱਕ ਜਾਤੀ) ਹੈ, ਇਸ ਨੂੰ ਜੀਵਿੰਦਿਆਂ ਅਤੇ ਮਰਦੇ ਹੋਏ ਨੂੰ ਅਸੀਂ ਨਹੀਂ ਵੇਖ ਸਕਦੇ। ਇਸ ਦੇ ਮਰਨ ਉੱਤੇ, ਇਹ ਸਮਝ ਕੇ ਕਿ ਇਹ ਆਤਮਾ ਮਰ ਗਈ ਹੈ, ਜੇਕਰ ਕੋਈ ਰੋਂਦਾ ਹੈ, ਉਹ ਆਪਣੀ ਪਤਿ ਖੋਂਦਾ ਹੈ, ਭਾਵ ਅਪਣੀ ਬੇਇਜ਼ੱਤੀ ਕਰਵਾਉਂਦਾ ਹੈ ਤੇ ਖੁਆਰ ਹੁੰਦਾ ਹੈ, ਕਿਉਂਕਿ ਆਤਮਾ ਤਾਂ ਹਮੇਸ਼ਾ ਅਮਰ ਰਹਿੰਦੀ ਹੈ। ਕੇਵਲ ਸਰੀਰ ਰੂਪੀ ਕੱਪੜੇ ਹੀ ਬਦਲਦੀ ਹੈ।

ਕਬੀਰ ਸਾਹਿਬ ਫਰਮਾਉਂਦੇ ਹਨ ਕਿ ਗੁਰੂ ਦੀ ਕ੍ਰਿਪਾ ਨਾਲ ਮੈਂ ਇਸ ਦਾ ਕੁਝ ਭੇਦ ਪਾਇਆ ਹੈ ਅਤੇ ਆਪਣਾ ਜੀਵਨ-ਮਰਨ ਦਾ ਭਰਮ ਮਿਟਾ ਲਿਆ ਹੈ। ਮੈਨੂੰ ਸਮਝ ਆ ਗਈ ਹੈ ਕਿ ਮੇਰੀ ਆਤਮਾ ਵਾਹਿਗੁਰੂ ਜੀ ਦੀ ਇੱਕ ਅੰਸ਼ (Spirit) ਹੈ। ਇਹ ਗੱਲ ਇਸ ਤਰਾਂ ਦੀ ਪੱਕੀ ਹੈ ਜਿਵੇਂ ਕਾਗਜ਼ ਤੇ ਲੱਗੀ ਹੋਈ ਸਿਆਹੀ ਉਤਰਦੀ ਨਹੀਂ, ਇਸ ਤਰ੍ਹਾਂ ਆਤਮਾ ਤੇ ਪਰਮਾਤਮਾ ਆਪਸ ਵਿੱਚ ਅਭੇਦ ਹਨ। ਦਸਮੇਸ਼ ਪਿਤਾ ਜੀ ਫੁਰਮਾਉਂਦੇ ਹਨ ਸਾਡੀ ਆਤਮਾ ਇਸ ਤਰ੍ਹਾਂ ਹੈ, ਜਿਸ ਤਰ੍ਹਾਂ :-

**ਜੈਸੇ ਏਕ ਆਗ ਤੇ ਕਨੂਕਾ ਕੋਟਿ ਆਗ ਉਠੈਂ ਨਿਆਰੇ ਨਿਆਰੇ ਹੁਇਕੈ ਫੇਰਿ ਆਗ ਮੈਂ ਮਿਲਾਹਿੰਗੇ । ਜੈਸੇ ਏਕ ਧੂਰਿ ਤੇ ਅਨੇਕ ਧੂਰਿ ਪੂਰਤ ਹੈਂ ਧੂਰਿ ਕੇ ਕਨੂਕਾ ਫੇਰ ਧੂਰਿ ਹੀ ਸਮਾਹਿੰਗੇ । ਜੈਸੇ ਏਕ ਨਦ ਤੇ ਤਰੰਗ ਕੋਟਿ ਉਪਜਤ ਹੈਂ ਪਾਨ ਕੇ ਤਰੰਗ ਸਬੈ ਪਾਨ ਹੀ ਕਹਾਇੰਗੇ । ਤੈਸੇ ਬਿਸਵ ਰੂਪ ਤੇ ਅਭੂਤ ਭੂਤ ਪ੍ਰਗਟ ਹੋਇ ਤਾਹੀ ਤੇ ਉਪਜਿ ਸਬੈ ਤਾਹੀ ਮੈ ਸਮਾਹਿੰਗੇ ॥੮੭॥੧੭॥** (ਅਕਾਲ ਉਸਤਤਿ)

ਜਿਸ ਤਰ੍ਹਾਂ ਇੱਕ ਅੱਗ ਤੋਂ ਅਨੇਕਾਂ ਹੀ ਕਿਣਕੇ ਚੰਗਿਆੜੀਆਂ ਉੱਠਦੀਆਂ ਹਨ, ਉਹ ਵੱਖਰੇ ਵੱਖਰੇ ਹੋ ਕੇ ਫਿਰ ਅੱਗ ਵਿੱਚ ਸਮਾ ਜਾਂਦੇ ਹਨ। ਜਿਸ ਤਰਾਂ ਧਰਤੀ ਤੋਂ ਅਨੇਕਾਂ ਹੀ ਮਿੱਟੀ ਦੇ, ਧੂੜ ਦੇ ਕਿਣਕੇ ਉੱਠਦੇ ਹਨ ਪਰ ਫੇਰ ਉਹ ਧੂੜ ਵਿੱਚ ਹੀ ਮਿਲ ਜਾਂਦੇ ਹਨ।

ਅੱਗੇ ਆਖਦੇ ਹਨ, ਜਿਸ ਤਰ੍ਹਾਂ ਸਮੁੰਦਰ ਵਿਚੋਂ ਅਨੇਕਾਂ ਲਹਿਰਾਂ ਉਠਦੀਆਂ ਹਨ ਪਰ ਉਹ ਮੁੜ ਕੇ ਸਮੁੰਦਰ ਵਿੱਚ ਹੀ ਮਿਲ ਜਾਂਦੀਆਂ ਹਨ। ਪਾਣੀ ਹੀ ਕਹਾਂਉਦੀਆਂ ਹਨ। ਇਸੇ ਤਰਾਂ ਵਾਹਿਗੁਰੂ ਜੀ ਤੋਂ ਅਨੇਕਾਂ ਹੀ ਸੂਖਮ ਅਤੇ ਅਸਥੂਲ ਰੂਪ ਪ੍ਰਗਟ ਹੁੰਦੇ ਹਨ ਭਾਵ ਪਰਮ-ਆਤਮਾ ਤੋਂ ਅਨੇਕਾਂ ਹੀ ਅੰਸ਼ਕ ਰੂਪ ਵਿੱਚ ਆਤਮਾਵਾਂ ਉਤਪੰਨ ਹੁੰਦੀਆਂ ਹਨ ਅਤੇ ਅੰਤ ਨੂੰ ਅਨੇਕ ਤੋਂ ਏਕ ਬਣਕੇ ਮੁੜ ਉਸ ਵਿੱਚ ਹੀ ਅਭੇਦ ਹੋ ਜਾਂਦੀਆਂ ਹਨ।

ਰਾਮ ਦੀ ਅੰਸ਼ ਜਿਸ ਨੂੰ ਅਸੀਂ ਆਤਮਾ ਆਖਦੇ ਹਾਂ, ਉਸ ਦੀ ਕਥਾ ਵਿਸਮਾਦ ਮਈ ਹੈ। ਗੋਂਡ ਮਹਲਾ ਪੰਜਵਾਂ ਵਿੱਚ ਸਤਿਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਬਿਆਨ ਕਰਦੇ ਹਨ :-

**ਗੋਂਡ ਮਹਲਾ ੫ ॥ ਅਚਰਜ ਕਥਾ ਮਹਾ ਅਨੂਪ ॥ ਪ੍ਰਾਤਮਾ ਪਾਰਬ੍ਰਹਮ ਕਾ ਰੂਪੁ ॥ ਰਹਾਉ ॥ ਨਾ ਇਹੁ ਬੂਢਾ ਨਾ ਇਹੁ ਬਾਲਾ ॥ ਨਾ ਇਸੁ ਦੂਖੁ ਨਹੀ ਜਮ ਜਾਲਾ ॥ ਨਾ ਇਹੁ ਬਿਨਸੈ ਨਾ ਇਹੁ ਜਾਇ ॥ ਆਦਿ ਜੁਗਾਦੀ ਰਹਿਆ ਸਮਾਇ ॥੧॥ ਨਾ ਇਸੁ ਉਸਨੁ ਨਹੀ ਇਸੁ ਸੀਤੁ ॥ ਨਾ ਇਸੁ ਦੁਸਮਨੁ ਨਾ ਇਸੁ ਮੀਤੁ ॥ ਨਾ ਇਸੁ ਹਰਖੁ ਨਹੀ ਇਸੁ ਸੋਗੁ ॥ ਸਭੁ ਕਿਛੁ ਇਸ ਕਾ ਇਹੁ ਕਰਨੈ ਜੋਗੁ ॥੨॥ ਨਾ ਇਸੁ ਬਾਪੁ ਨਹੀ ਇਸੁ ਮਾਇਆ ॥ ਇਹੁ ਅਪਰੰਪਰੁ ਹੋਤਾ ਆਇਆ ॥ ਪਾਪ ਪੁੰਨ ਕਾ ਇਸੁ ਲੇਪੁ ਨ ਲਾਗੈ ॥ ਘਟ ਘਟ ਅੰਤਰਿ ਸਦ ਹੀ ਜਾਗੈ ॥੩॥** (ਅੰਗ-੮੬੮)

ਜਿਵੇਂ ਸਾਡੇ ਸਰੀਰ ਅਤੇ ਮਨ ਦੀਆਂ ਕਈ ਤਰਾਂ ਦੀਆਂ ਅਵਸਥਾਵਾਂ ਬਣ ਜਾਂਦੀਆਂ ਹਨ, ਇਸ ਦੇ ਉਲਟ ਆਤਮਾ ਦੀ ਕਹਾਣੀ ਜੋ ਹੈ, ਉਹ ਬਹੁਤ ਹੀ ਅਸਚਰਜ ਹੈ, ਹੈਰਾਨਗੀ ਭਰੀ ਹੈ। ਇਸ ਦੀ ਕਿਸੇ ਨਾਲ ਉਪਮਾ ਨਹੀਂ ਕੀਤੀ ਜਾ ਸਕਦੀ। ਅਸਲ ਵਿੱਚ ਇਹ ਪਾਰਬ੍ਰਹਮ, ਪ੍ਰਮਾਤਮਾ ਦਾ ਹੀ ਰੂਪ ਹੈ।

ਜਿਵੇਂ ਸਾਡਾ ਸਰੀਰ ਬਾਲਪਨ, ਜੁਆਨੀ ਅਤੇ ਬੁੱਢਾਪੇ ਦੀ ਅਵਸਥਾ ਵਿਚੋਂ ਗੁਜ਼ਰਦਾ

ਹੈ, ਇਸ ਤਰਾਂ ਆਤਮਾ ਦੀਆਂ ਐਸੀਆਂ ਅਵਸਥਾਵਾਂ ਨਹੀਂ ਵਾਪਰਦੀਆਂ। ਇਸ ਨੂੰ ਕੋਈ ਦੁੱਖ, ਤਕਲੀਫ ਨਹੀਂ, ਨਾ ਹੀ ਕੋਈ ਜਮਾਂ ਦਾ ਜੰਜਾਲ ਹੈ।

ਹੈਰਾਨੀ ਦੀ ਗੱਲ ਹੈ ਕਿ ਇਸ ਦਾ ਨਾਸ਼ ਨਹੀਂ ਹੁੰਦਾ ਅਤੇ ਨਾ ਹੀ ਇਹ ਕਿਤੇ ਜਾਂਦੀ ਹੈ। ਇਸ ਦੀ ਹੋਂਦ ਆਦਿ ਜੁਗਾਦਿ ਤੋਂ ਹੈ। ਮੁੱਢ ਤੋਂ ਬਰਕਰਾਰ ਹੈ।

ਇਸ ਨੂੰ ਕੋਈ ਗਰਮੀ ਸਰਦੀ ਨਹੀਂ ਲੱਗਦੀ, ਆਤਮਾ ਦਾ ਕੋਈ ਦੁਸ਼ਮਣ ਨਹੀਂ ਹੈ ਅਤੇ ਨਾ ਹੀ ਇਸ ਦਾ ਕੋਈ ਮਿੱਤ੍ਰ ਹੈ।

ਆਤਮਾ ਨੂੰ ਗਮੀ ਖੁਸ਼ੀ ਵੀ ਨਹੀਂ ਹੁੰਦੀ। ਅਸਲ ਵਿੱਚ ਸਭ ਕੁਝ ਹੀ ਇਸ ਤੋਂ ਪੈਦਾ ਹੁੰਦਾ ਹੈ ਅਤੇ ਇਹ ਸਭ ਕੁਝ ਕਰਨ ਦੇ ਸਮੱਰਥ ਹੈ।

ਆਤਮਾ ਦਾ ਕੋਈ ਮਾਂ ਬਾਪ ਨਹੀਂ ਹੈ। ਇਹ ਪਰੇ ਤੋਂ ਪਰੇ ਹੈ ਅਤੇ ਬੜੇ ਚਿਰਾਂ ਤੋਂ ਹੋਂਦ ਵਿੱਚ ਰਹਿੰਦੀ ਚਲੀ ਆ ਰਹੀ ਹੈ।

ਮਨੁੱਖ ਨੂੰ ਪਾਪ ਪੁੰਨ ਲੱਗਦੇ ਹਨ ! ਕਦੇ ਪਾਪ ਕਰ ਬਹਿੰਦਾ ਹੈ ਅਤੇ ਕਦੇ ਪੁੰਨ ਕਰਦਾ ਹੈ ਪਰ ਆਤਮਾ ਨੂੰ ਇਹ ਨਹੀਂ ਪੋਂਹਦਾ, ਇਹ ਮਨ ਦੀ ਅਵਸਥਾ ਹੈ। ਆਤਮਾ ਸਾਰੇ ਸਰੀਰਾਂ ਦੇ ਵਿੱਚ ਮੌਜੂਦ ਹੈ ਅਤੇ ਸਦਾ ਹੀ ਜਾਗ੍ਰਿਤ ਅਵਸਥਾ ਵਿੱਚ ਰਹਿੰਦੀ ਹੈ।

ਸੋ ਐਸੀ ਅਚਰਜ ਕਥਾ ਹੈ, ਆਤਮਾ ਦੀ। ਅਸੀਂ ਇਸ ਦੀ ਪਛਾਣ ਕਰਨੀ ਹੈ, ਹਮੇਸ਼ਾਂ ਇਸ ਦੀ ਆਵਾਜ਼ ਨੂੰ ਸੁਨਣਾ ਹੈ। ਮਨ ਦੇ ਪਿੱਛੇ ਨਹੀਂ ਜਾਣਾ। ਆਤਮਾ ਦੀ ਪਛਾਣ ਨਾਲ ਉਪ੍ਰੋਕਤ ਬਿਆਨੇ ਹੋਏ ਆਤਮਾ ਦੇ ਅਨੇਕ ਗੁਣਾਂ ਦਾ ਪ੍ਰਗਟਾਵਾ ਸਾਡੇ ਅੰਦਰੋਂ ਹੀ ਹੋ ਜਾਵੇਗਾ।

-0-0-0-

---


## ਸੰਸਥਾ 'ਗੁਰਬਾਣੀ ਇਸੁ ਜਗ ਮਹਿ ਚਾਨਣੁ'

ਭਵਨ ਨੰ.6, ਫੇਜ 3-ਏ, ਐਸ.ਏ.ਐਸ.ਨਗਰ (ਮੋਹਾਲੀ) ਵਿਖੇ,

## ਮਹੀਨਾ ਵਾਰੀ ਗੁਰਮਤਿ ਸਮਾਗਮ

**ਦੂਜਾ ਸਨੀਵਾਰ 11 ਨਵੰਬਰ 2023 ਨੂੰ**

10.00 ਤੋਂ 01.00 ਵਜੇ ਦੁਪਹਿਰ ਤਕ

ਸ਼ਬਦ-ਕੀਰਤਨ ਅਤੇ ਸ਼ਬਦ-ਵੀਚਾਰ ਹੋਵੇਗੀ।

ਸਤਿਸੰਗ ਵਿੱਚ ਦਰਸ਼ਨ ਦੇ ਕੇ ਲਾਭ ਉਠਾਓ ਜੀ।

**ਗੁਰੂ ਕਾ ਲੰਗਰ ਅਤੁੱਟ ਵਰਤੇਗਾ।**

# ਸੰਤ ਸਿਪਾਹੀ ਭਾਈ ਮਹਾਰਾਜ ਸਿੰਘ ਜੀ

-ਡਾ.ਗੁਰਬਚਨ ਸਿੰਘ, ਮੋ : 98781-49511

ਭਾਰਤ ਵਿੱਚ ਅੰਗ੍ਰੇਜ਼ਾਂ ਨੇ ਲਗ-ਪਗ ੧੭੫੬ ਈ. ਵਿੱਚ ਆਪਣੇ ਪੈਰ ਜਮਾ ਲਏ ਸਨ। ਪੰਜਾਬ, ਭਾਰਤ ਦੇ ਸਭ ਪ੍ਰਾਂਤਾ ਤੋਂ ਬਾਅਦ ਅੰਗ੍ਰੇਜ਼ਾਂ ਦੇ ਅਧੀਨ ਹੋਇਆ। ਸੰਨ ੧੮੪੯ ਵਿੱਚ ਅੰਗ੍ਰੇਜ਼ੀ ਸਾਮਰਾਜ ਨੇ ਕੁਟਲ ਨੀਤੀ ਨਾਲ ਲਾਹੌਰ ਖਾਲਸਾ ਦਰਬਾਰ ਤੇ ਮੁਕੰਮਲ ਕਬਜ਼ਾ ਕਰ ਲਿਆ। ਪਰ ਗੁਰੂ ਦਸਮੇਸ਼ ਦੇ ਸਿੰਘਾਂ ਨੇ ਉਸ ਸਮੇਂ ਤੋਂ ਹੀ ਮਨ ਵਿੱਚ ਧਾਰ ਲਿਆ ਕਿ ਅਸੀਂ ਵਿਦੇਸ਼ੀ ਸਾਮਰਾਜ ਦੇ ਗੁਲਾਮ ਨਹੀਂ ਰਹਿਣਾ। ਇਸ ਸਬੰਧ ਵਿੱਚ ਸਭ ਤੋਂ ਪਹਿਲਾ ਨਾਮ ਸੰਤ ਸਿਪਾਹੀ ਭਾਈ ਮਹਾਰਾਜ ਸਿੰਘ ਜੀ ਦਾ ਆਉਂਦਾ ਹੈ। ਇਸ ਗੁਰੂ ਕੇ ਲਾਲ ਨੇ ਸੰਨ ੧੮੪੯-੫੦ ਤੋਂ ਹੀ ਅੰਗ੍ਰੇਜ਼ਾਂ ਦੇ ਖਿਲਾਫ਼ ਬਗਾਵਤ ਦਾ ਝੰਡਾ ਬੁਲੰਦ ਕਰ ਦਿੱਤਾ। ਭਾਰਤ ਵਰਸ਼ ਵਿੱਚ ਅੰਗ੍ਰੇਜ਼ਾਂ ਦੇ ਵਿਰੁਧ ੧੮੫੭ ਦੇ ਗਦਰ ਤੋਂ ਤਕਰੀਬਨ ੭ ਸਾਲ ਪਹਿਲਾਂ ਹੀ ਕਲਗੀਧਰ ਪਾਤਸ਼ਾਹ ਦੇ ਸਪੂਤ ਸਿੰਘ ਸਾਹਿਬ ਮਹਾਰਾਜ ਸਿੰਘ ਨੇ ਬਗਾਵਤ ਸ਼ੁਰੂ ਕਰ ਦਿੱਤੀ ਸੀ। ਅੰਗ੍ਰੇਜ਼ੀ ਸਾਮਰਾਜ ਵਿਰੁੱਧ ਲੜਾਈ ਸ਼ੁਰੂ ਕਰਨ ਦਾ ਸਿਹਰਾ ਕੇਵਲ ਤੇ ਕੇਵਲ ਭਾਈ ਮਹਾਰਾਜ ਸਿੰਘ ਦੇ ਸੀਸ ਤੇ ਬੱਝਦਾ ਹੈ ਨਾ ਕਿ ਕਿਸੇ ਹੋਰ ਅਖੌਤੀ ਸੰਗਰਾਮੀਆਂ ਦੇ ਸਿਰ।

ਭਾਈ ਮਹਾਰਾਜ ਸਿੰਘ ਦਾ ਜਨਮ ੧੩ ਜਨਵਰੀ, ੧੭੮੦ ਈਸਵੀ ਲੋਹੜੀ ਵਾਲੇ ਦਿਨ ਸਰਦਾਰ ਕੇਸਰ ਸਿੰਘ ਦੇ ਘਰ ਮਾਤਾ ਦਇਆ ਕੌਰ ਦੀ ਕੁਖੋਂ ਪਿੰਡ ਰਬੋਂ ਉਚੀ ਵਿਖੇ ਹੋਇਆ। ਇਹ ਪਿੰਡ ਤਹਿਸੀਲ ਪਾਇਲ ਜ਼ਿਲ੍ਹਾ ਲੁਧਿਆਣਾ ਵਿੱਚ ਡਾਕਘਰ ਮਲੌਦ ਤੋਂ ੫ ਕਿ.ਮੀ. ਦੂਰ ਮਲੌਦ, ਖੰਨਾ ਸੜਕ ਤੋਂ ੨ ਕਿ.ਮੀ. ਹਟਵਾਂ ਹੈ। ਰੇਲਵੇ ਸਟੇਸ਼ਨ ਮਲੇਰਕੋਟਲਾ ਤੋਂ ਇਸ ਪਿੰਡ ਦੀ ਦੂਰੀ ੧੬ ਕਿ.ਮੀ. ਹੈ। ਬਾਲਕ ਦਾ ਨਾਮ ਨਿਹਾਲ ਸਿੰਘ ਰੱਖਿਆ ਗਿਆ। ਆਪ ਦੇ ਤਿੰਨ ਹੋਰ ਭਰਾ ਸ.ਕਰਮ ਸਿੰਘ, ਸ.ਸਰਮੁਖ ਸਿੰਘ ਅਤੇ ਧਰਮ ਸਿੰਘ ਸਨ। ਛੋਟੀ ਉਮਰ ਵਿਚ ਹੀ ਪਿਤਾ ਨੇ ਬਾਲਕ ਨਿਹਾਲ ਸਿੰਘ ਨੂੰ ਧਰਮਸ਼ਾਲ ਵਿੱਚ ਗੁਰਮੁਖੀ ਪੜ੍ਹਨ ਬਿਠਾ ਦਿੱਤਾ। ਇਸ ਤੋਂ ਬਾਅਦ ਆਪ ਨੂੰ ਧਰਮਸਾਲ ਦੇ ਗ੍ਰੰਥੀ ਦੇ ਕਹਿਣ ਤੇ ਤੋਤਾ ਸਿੰਘ ਜੀ ਠੀਕਰੀਵਾਲੇ ਨਿਰਮਲੇ ਸੰਤਾਂ ਕੋਲ ਗੁਰਮੱਤ ਵਿਦਿਆ ਪੜ੍ਹਨ ਲਈ ਭੇਜ ਦਿੱਤਾ। ਇਥੇ ਆਪ ਨੇ ਵੇਦਾਂਤ ਦੇ ਗ੍ਰੰਥ ਪੜ੍ਹੇ। ਪਰ ਅੱਖਰੀ ਪੜ੍ਹਾਈ ਦੇ ਨਾਲ ਨਾਲ ਆਪ ਆਤਮ ਵਿਦਿਆ ਪੜ੍ਹਨਾ ਚਾਹੁੰਦੇ ਸਨ। ਇਸ ਆਸ਼ੇ ਦੀ ਪੂਰਤੀ ਵਾਸਤੇ ਆਪ ਸੰਤ ਸਮੁੰਦ ਸਿੰਘ ਜੀ ਚਾਹਲਾਂ ਵਾਲੇ ਪਾਸ ਪੁੱਜੇ।

ਪੜ੍ਹਾਈ ਕਰਨ ਦੇ ਨਾਲ ਨਾਲ ਆਪ ਖੇਤੀ ਦੇ ਕੰਮ ਕਾਜ ਵਿੱਚ ਵੀ ਹਿੱਸਾ ਲੈਂਦੇ ਸਨ। ਇਕ ਸਮੇਂ ਕਣਕ ਦੀ ਢੁਆਈ ਹੋ ਰਹੀ ਸੀ। ਆਪ ਵੀ ਵਿਤ ਅਨੁਸਾਰ ਪੰਡ ਚੁੱਕ ਕੇ ਸਭ

ਤੋਂ ਪਿੱਛੇ ਆ ਰਹੇ ਸਨ। ਪਿਤਾ ਨੇ ਆਪ ਦੇ ਵਡੇ ਭਰਾ ਨੂੰ ਕਿਹਾ, 'ਕਰਮ ਸਿੰਹਾ ਤਕੀਂ ਨਿਹਾਲ ਸਿੰਘ ਕਿਤੇ ਅੱਖਾਂ ਮੀਟੀ ਨਾ ਬੈਠਾ ਹੋਵੇ। ਉਸ ਦਾ ਹਰ ਸਮੇਂ ਧਿਆਨ ਰੱਖਣਾ ਪੈਂਦਾ ਹੈ। ਅਜੇ, ਕਲ੍ਹ ਦਾ ਛੋਕਰਾ ਹੈ ਪਰ ਯੋਗੀ ਬਣਿਆ ਫਿਰਦਾ ਹੈ। ਅਗੇ ਪਤਾ ਨਹੀਂ ਰੱਬ ਨੂੰ ਕੀ ਮਨਜੂਰ ਹੈ।'

ਕਰਮ ਸਿੰਘ ਨੇ ਪਿੱਛੇ ਤੱਕਿਆ ਨਿਹਾਲ ਸਿੰਘ ਇੱਕ ਰੁੱਖ ਕੋਲ ਅੱਖਾਂ ਮੀਟ ਕੇ ਖੜੇ ਸਨ ਪਰ ਆਪਦੀ ਪੰਡ ਸਿਰ ਤੋਂ ਉੱਚੀ ਹੀ ਦਿਸਦੀ ਸੀ। ਇਹ ਵੇਖ ਕੇ ਕਰਮ ਸਿੰਘ ਨੇ ਪਿਤਾ ਨੂੰ ਕਿਹਾ ਬਾਪੂ ਜੀ ਇਹ ਸਾਡੇ ਘਰ ਰਹਿਣ ਵਾਲਾ ਨਹੀਂ ਪਤਾ ਨਹੀਂ ਇਹ ਕਦੋਂ ਉਡਾਰ ਹੋ ਕੇ ਘਰੋਂ ਚਲਾ ਜਾਏ। ਉਸ ਦਿਨ ਪਿਛੋਂ ਘਰ ਵਾਲੇ ਆਪ ਨੂੰ ਕੰਮ ਦਸਣੋਂ ਹੀ ਹਟ ਗਏ।

ਇਕ ਦਿਨ ਆਪ ਪਿੰਡ ਦੇ ਗੁਰਦੁਆਰੇ ਗਏ ਤਾਂ ਗ੍ਰੰਥੀ ਸਿੰਘ ਨੇ ਕਿਹਾ ਕਿ ਸੰਗਤ ਆਈ ਹੈ ਪਰ ਲੰਗਰ ਮਸਤ ਹੈ ਜੇਕਰ ਤੁਸੀਂ ਆਟਾ ਲੈ ਆਓ ਤਾਂ ਲੰਗਰ ਤਿਆਰ ਕਰ ਲਈਏ ਆਪ ਘਰ ਗਏ ਤਾਂ ਵੇਖਿਆ ਕਿ ਮਾਤਾ ਨੇ ਆਟਾ ਪੀਸ ਕੇ ਮੱਟ ਭਰਿਆ ਸੀ ਤੇ ਮਾਤਾ ਬਾਹਰ ਖੂਹ ਤੇ ਪਾਣੀ ਲੈਣ ਗਈ ਹੋਈ ਸੀ। ਭਾਈ ਨਿਹਾਲ ਸਿੰਘ ਆਟੇ ਦੀ ਝੋਲੀ ਭਰ ਕੇ ਲੈ ਚਲੇ ਤਾਂ ਮਾਤਾ ਦਰਵਾਜੇ ਵਿੱਚ ਮਿਲ ਗਈ। ਮਾਤਾ ਨੇ ਕਿਹਾ ਵੇ ਨਿਹਾਲ ਸਿੰਘ ਮੈਂ ਤਾਂ ਸਾਰਾ ਦਿਨ ਖਪ ਕੇ ਆਟਾ ਪੀਸਿਆ ਹੈ ਤੇ ਤੂੰ ਚੁੱਪ ਕਰਕੇ ਲਈ ਜਾ ਰਿਹਾ ਹੈ। ਮੈ ਟੱਬਰ ਨੂੰ ਰੋਟੀ ਕਿਥੋਂ ਖੁਆਵਾਂਗੀ। ਤੇਰੇ ਸਾਧਾਂ ਨੇ ਸਾਡਾ ਕੀ ਸੰਵਾਰਨਾ ਹੈ। ਭਲਾ-ਮਾਣਸ ਹੋ ਕੇ ਆਟਾ ਮੱਟ ਵਿੱਚ ਪਾ ਦੇਹ। ਨਿਹਾਲ ਸਿੰਘ ਨੇ ਕਿਹਾ ਮਾਂ ਤੇਰੀ ਮਿਹਨਤ ਸਫਲ ਹੋ ਗਈ ਹੈ। ਇਸ ਆਟੇ ਨਾਲ ਗਰੀਬ ਭੁੱਖੇ ਤ੍ਰਿਪਤ ਹੋਣਗੇ। ਮਾਂ ਨੇ ਕਿਹਾ, 'ਵੇ ਨਿਹਾਲ ਸਿੰਘ ਸਾਨੂੰ ਤੇਰੀ ਕਮਾਈ ਦੀ ਲੋੜ ਨਹੀਂ ਤੂੰ ਇਹ ਉਪਦੇਸ਼ ਕਿਸੇ ਹੋਰ ਨੂੰ ਦੇਂਈ। ਰੱਖ ਦੇ ਮੇਰਾ ਆਟਾ ਤੇ ਦਫਾ ਹੋ ਜਾਹ, ਫਿਰ ਮੈਨੂੰ ਮੂੰਹ ਨਾ ਵਿਖਾਈ। ਪਰ ਭਾਈ ਨਿਹਾਲ ਸਿੰਘ ਆਟਾ ਲੈ ਕੇ ਚਲੇ ਗਏ ਤੇ ਕਹਿ ਗਏ, ਮਾਈ ਤੂੰ ਆਪਣਾ ਘਰ ਸਾਂਭ। ਜਿਸ ਘਰੋਂ ਗਰੀਬ ਲਈ ਰੋਟੀ ਤੇ ਦੁਖੀਏ ਲਈ ਦਰਦ ਨਹੀਂ ਨਿਕਲਦਾ, ਮੈਂ ਉਸ ਘਰ ਅੰਦਰ ਮੁੜ ਕੇ ਪੈਰ ਨਹੀਂ ਪਾਵਾਂਗਾ। ਇਸ ਤੋਂ ਬਾਅਦ ਨਿਹਾਲ ਸਿੰਘ ਮੁੜਕੇ ਕਦੇ ਵੀ ਘਰ ਨਹੀਂ ਆਇਆ। ਇਸੇ ਤਰ੍ਹਾਂ ਦਾ ਵਰਤਾਰਾ ਭਗਤ ਕਬੀਰ ਜੀ ਨਾਲ ਵੀ ਵਰਤਿਆ ਸੀ ਭਗਤ ਜੀ ਸਬਦ ਵਿੱਚ ਦਰਸਾਉਂਦੇ ਹਨ। ਭਗਤ ਜੀ ਦੀ ਮਾਤਾ ਆਖਦੀ ਹੈ :

**ਸੁਨਹੁ ਜਿਠਾਨੀ ਸੁਨਹੁ ਦਿਰਾਨੀ ਅਚਰਜੁ ਏਕੁ ਭਇਓ ॥**
**ਸਾਤ ਸੂਤ ਇਨਿ ਮੁਡੀਂਏ ਖੋਏ ਇਹੁ ਮੁਡੀਆ ਕਿਉ ਨ ਮੁਇਓ ॥੨॥** (ਅੰਗ-੮੫੬)

ਸ੍ਰੀ ਗੁਰੂ ਅਮਰਦਾਸ ਜੀ ਦਾ ਫੁਰਮਾਨ ਹੈ :

**ਭਗਤਾ ਤੈ ਸੈਸਾਰੀਆ ਜੋੜੁ ਕਦੇ ਨ ਆਇਆ ॥** (ਅੰਗ-੮੫੬)

ਉਪਰੋਕਤ ਦੋ ਘਟਨਾਵਾਂ ਭਾਈ ਨਿਹਾਲ ਸਿੰਘ ਜੀ ਦੀ ਧਾਰਮਿਕ ਬਿਰਤੀ ਦਾ ਉਲੇਖ ਕਰਦੀਆਂ ਹਨ। ਸੰਤ ਸਮੁੰਦ ਸਿੰਘ ਜੀ ਜੋ ਕਿ ਬਾਬਾ ਬੀਰ ਸਿੰਘ ਨੌਰੰਗਾਵਾਦੀ ਦੇ ਸੇਵਕ ਸਨ ਨੇ ਭਾਈ ਨਿਹਾਲ ਸਿੰਘ ਦੀ ਧਾਰਮਿਕ ਬਿਰਤੀ ਭਾਂਪ ਕੇ ਆਪ ਨੂੰ ਬਾਬਾ ਬੀਰ ਸਿੰਘ ਕੋਲ ਲੈ ਜਾਣਾ ਠੀਕ ਸਮਝਿਆ। ਇਕ ਦਿਨ ਜਦੋਂ ਬਾਬਾ ਬੀਰ ਸਿੰਘ ਨੇ ਬਿਆਸ ਦਰਿਆ ਦੇ ਕੰਢੇ ਮਰਹਾਣੇ ਪਿੰਡ ਆਉਣਾ ਸੀ ਸੰਤ ਸਮੁੰਦ ਸਿੰਘ ਜੀ ਨਿਹਾਲ ਸਿੰਘ ਨੂੰ ਲੈ ਕੇ ਉਥੇ ਪਹੁੰਚ ਗਏ। ਭਾਈ ਨਿਹਾਲ ਸਿੰਘ, ਬਾਬਾ ਬੀਰ ਸਿੰਘ ਜੀ ਦੇ ਦਰਸ਼ਨ ਕਰਕੇ ਉਸ ਦਿਨ ਹੀ ਉਨ੍ਹਾਂ ਦੇ ਮੁਰੀਦ ਬਣ ਗਏ ਅਤੇ ਅੰਮ੍ਰਿਤਪਾਨ ਕਰਕੇ ਗੁਰਸਿੱਖੀ ਵਿੱਚ ਪ੍ਰਪੱਕ ਹੋ ਗਏ। ਬਾਬਾ ਬੀਰ ਸਿੰਘ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਮਹਾਂਵਾਕ ਅਨੁਸਾਰ ਆਪ ਦਾ ਨਾਮ ਬਦਲ ਕੇ ਭਗਵਾਨ ਸਿੰਘ ਰੱਖ ਦਿੱਤਾ। ਬਾਬਾ ਬੀਰ ਸਿੰਘ ਨੂੰ ਇੱਕ ਦਸਤਾਰ, ਇੱਕ ਕੰਬਲੀ ਤੇ ਕਮਰ ਕਸੇ, ਸਿਰੋਪੇ ਵਜੋਂ ਦੇ ਕੇ ਲੋਹ ਦੀ ਸੇਵਾ ਸੌਂਪ ਦਿੱਤੀ।

ਭਾਈ ਭਗਵਾਨ ਸਿੰਘ ਸਵਾ ਪਹਿਰ ਰਾਤ ਰਹਿੰਦੀ ਉਠ ਕੇ, ਇਸ਼ਨਾਨ ਕਰਕੇ ਨਾਮ ਸਿਮਰਨ ਨਿਤਨੇਮ ਕਰਦੇ ਅਤੇ ਫਿਰ ਲੋਹ ਤੇ ਜਾ ਕੇ ਸੇਵਾ ਵਿੱਚ ਜੁੱਟ ਜਾਂਦੇ। ਉਸ ਸਮੇਂ ਬਾਬਾ ਬੀਰ ਸਿੰਘ ਜੀ ਨਾਲ ਦਸ ਹਜ਼ਾਰ ਤੋਂ ਉਪਰ ਸੰਗਤ ਹਰ ਸਮੇਂ ਰਹਿੰਦੀ ਸੀ। ਇਹ ਗਲ ਪ੍ਰਗਟ ਸੀ ਕਿ ਉਨ੍ਹਾਂ ਦੇ ਲੰਗਰ ਵਿੱਚ ਸਵਾ ਮਣ ਲੂਣ ਪੈਂਦਾ ਸੀ। ਭਾਈ ਭਗਵਾਨ ਸਿੰਘ ਜੀ ਨੇ ਦਿਨ ਰਾਤ ਕਰਕੇ ਲੰਗਰ ਦੀ ਸੇਵਾ ਕੀਤੀ ਅਤੇ ਕਦੇ ਮਾਣ ਨਹੀਂ ਕੀਤਾ। ਆਪ ਹਰ ਕਿਸੇ ਨੂੰ ਆਉ ਮਹਾਰਾਜ, ਪਰਸਾਦਾ ਲਓ ਮਹਾਰਾਜ, ਦਸੋ ਮਹਾਰਾਜ, ਸੁਣੋ ਮਹਾਰਾਜ ਕਹਿ ਕੇ ਬੁਲਾਉਂਦੇ ਸਨ। ਇਸ ਗਲੋਂ ਸਾਰੀ ਸੰਗਤ ਆਪ ਜੀ ਨੂੰ ਮਹਾਰਾਜ ਕਹਿ ਕੇ ਬੁਲਾਉਣ ਲਗ ਪਈ। ਬਾਬਾ ਬੀਰ ਸਿੰਘ ਜੀ ਵੀ ਆਪ ਨੂੰ ਮਹਾਰਾਜ ਸੱਦਦੇ ਸਨ ਇਸ ਤਰ੍ਹਾਂ ਆਪ ਦਾ ਨਾਮ ਭਗਵਾਨ ਸਿੰਘ ਤੋਂ ਮਹਾਰਾਜ ਸਿੰਘ ਹੀ ਪ੍ਰਚੱਲਤ ਹੋ ਗਿਆ। ਮਹਾਰਾਜ ਸਿੰਘ ਨੇ ੧੨ ਸਾਲ ਲੋਹ ਦੇ ਉੱਪਰ ਆਪਣਾ ਪਿੰਡਾ ਸੇਕਿਆ ਤੇ ਕਠਿਨ ਘਾਲਣਾ ਘਾਲੀ।

ਸੱਤ ਮਈ ੧੯੪੪ ਈ. ਨੂੰ ਬਾਬਾ ਬੀਰ ਸਿੰਘ ਜੀ ਦੀ ਸ਼ਹੀਦੀ ਤੋਂ ਬਾਅਦ ਸਾਰੀਆਂ ਧਾਰਮਿਕ, ਸਿਆਸੀ ਤੇ ਭਾਈ ਚਾਰਕ ਸੰਸਥਾਵਾਂ ਨੇ ਬਾਬਾ ਮਹਰਾਜਾ ਸਿੰਘ ਜੀ ਨੂੰ ਦਸਤਾਰਾਂ ਤੇ ਸਿਰੋਪੇ ਭੇਟ ਕੀਤੇ ਅਤੇ ਡੇਰੇ ਦੀ ਜਿੰਮੇਵਾਰੀ ਸੌਂਪੀ। ਬਾਬਾ ਮਹਾਰਾਜ ਸਿੰਘ ਜੀ ਨੇ ਜਾਣ ਲਿਆ ਕਿ ਅੰਗਰੇਜ ਖਾਲਸਾ ਰਾਜ ਤੇ ਪੰਜਾਬੀਆਂ ਦੀ ਮਹਾਨਤਾ ਨੂੰ ਬਰਦਾਸਤ ਨਹੀਂ ਕਰੇਗਾ। ਉਨ੍ਹਾਂ ਨੇ ਮਨ ਵਿੱਚ ਪੱਕਾ ਧਾਰ ਲਿਆ ਕਿ ਬਾਬਾ ਬੀਰ ਸਿੰਘ ਜੀ ਦੇ ਡੇਰੇ ਨੂੰ ਉਹ ਹਰ ਮੁਸੀਬਤ ਤੋਂ ਬਚਾਉਣਗੇ। ਇਸ ਲਈ ਡੇਰੇ ਦੀ ਜਿੰਮੇਵਾਰੀ ਛੋਟੇ ਬਾਬਾ ਬੀਰ ਸਿੰਘ ਜੀ ਦੇ ਸਪੁਰਦ ਕਰਕੇ ਆਪ ਸਮਦੂ ਕੇ ਤਲਾਬ ਸੁਲਤਾਨ ਵਿੰਡ ਰੋਡ ਸ੍ਰੀ ਅੰਮ੍ਰਿਤਸਰ ਵਿੱਚ ਚਲੇ ਗਏ। ਇੱਥੇ ਆ ਕੇ ਬਾਬਾ ਜੀ ਨੇ ਸਾਰੇ ਸ਼ਹਿਰ ਨੂੰ ਬਗੈਰ ਕਿਸੇ ਵਿਤਕਰੇ ਦੇ ਇੱਕ ਭੰਡਾਰੇ ਅੰਦਰ ਸੱਦਾ ਦਿੱਤਾ। ਸਭ ਤਰ੍ਹਾਂ ਦੇ ਲੋਕਾਂ ਨੇ ਖੀਰ ਤੇ ਪੂੜਿਆਂ ਦਾ ਲੰਗਰ

ਛੱਕਿਆ। ਸਰਕਾਰੀ ਰੀਪੋਰਟਾਂ ਅਨੁਸਾਰ ਉਸ ਭੰਡਾਰੇ ਅੰਦਰ ੫੦ ਹਜਾਰ ਰੁਪਏ ਤੋਂ ਵੱਧ ਚੜ੍ਹਾਵਾ ਚੜ੍ਹਿਆ। ਇਸ ਖਬਰ ਨੇ ਅੰਗ੍ਰੇਜਾਂ ਦੇ ਕੰਨ ਖੜੇ ਕਰ ਦਿੱਤੇ। ਉਹ ਤਾਂ ਸਮਝਦੇ ਸਨ ਕਿ ਬਾਬਾ ਬੀਰ ਸਿੰਘ ਜੀ ਦੀ ਸ਼ਹੀਦੀ ਤੋਂ ਬਾਅਦ ਡੇਰੇ ਦੀ ਸ਼ਕਤੀ ਖਤਮ ਹੋ ਜਾਵੇਗੀ ਪਰ ਇਹ ਪਹਿਲਾਂ ਨਾਲੋਂ ਅਧਿਕ ਬਲਵਾਨ ਹੋ ਗਈ। ਸੋ ਡੋਗਰੇ ਤੇ ਅੰਗ੍ਰੇਜ ਇਹ ਸੋਚਣ ਲੱਗ ਕਿ ਕਿਸੇ ਨਾ ਕਿਸੇ ਬਹਾਨੇ ਬਾਬਾ ਮਹਾਰਾਜ ਸਿੰਘ ਨੂੰ ਹੱਥ ਪਾਇਆ ਜਾਏ। ਅੰਗ੍ਰੇਜੀ ਸਰਕਾਰ ਨੇ ਗੁਪਤ ਤੌਰ ਤੇ ਇੱਕ ਗਾਰਦ ਜਿਸ ਵਿੱਚ ਇੱਕ ਥਾਣੇਦਾਰ ਤੇ ਦਸ ਸਿਪਾਹੀ ਸਨ, ਬਾਬਾ ਜੀ ਦੀ ਰਾਖੀ ਕਰਨ ਦੇ ਬਹਾਨੇ ਡੇਰੇ ਵਿੱਚ ਬਿਠਾ ਦਿੱਤੀ। ਪਰ ਬਾਬਾ ਜੀ ਤਾਂ ਇਹ ਜਾਣਦੇ ਸਨ ਕਿ ਡੋਗਰੇ ਤੇ ਅੰਗ੍ਰੇਜਾਂ ਦੀ ਅਸਲ ਨੀਅਤ ਕੀ ਹੈ। ਬਾਬਾ ਜੀ ਨੇ ਪਿੰਡ ਪਿੰਡ ਜਾਕੇ ਲੋਕਾਂ ਨੂੰ ਅੰਗ੍ਰੇਜਾਂ ਵਿਰੁੱਧ ਲਾਮਬੰਦ ਕਰਨਾ ਸ਼ੁਰੂ ਕੀਤਾ।

ਇਨ੍ਹਾਂ ਦਿਨਾਂ ਵਿੱਚ ਹੀ ਲਾਹੌਰ ਦੇ ਇੱਕ ਪਿੰਡੋਂ, ਪ੍ਰੇਮਾ ਨਾਮ ਦਾ ਪਹਾੜੀਆ ਪੁਲਿਸ ਨੇ ਫੜਿਆ ਜਿਸ ਦਾ ਦਿੱਤਾ ਬਿਆਨ ਪ੍ਰੇਮਾ ਸਾਜਿਸ/ਕੇਸ ਦੇ ਨਾਮ ਨਾਲ ਪ੍ਰਗਟ ਹੋਇਆ। ਇਸ ਸਾਜਿਸ਼ ਦਾ ਉਦੇਸ਼ ਰੈਜੀਡੈਂਟ ਹੈਨਰੀ ਲਾਰੰਸ, ਡੋਗਰੇ ਵਜੀਰਾਂ, ਤੇਜ ਸਿਹੁੰ, ਦੀਵਾਨ ਦੀਨਾ ਨਾਥ ਅਤੇ ਸ਼ੇਰ ਸਿੰਘ ਨੂੰ ਸ਼ਾਲੀਮਾਰ ਬਾਗ ਵਿੱਚ ੨੧ ਅਪ੍ਰੈਲ ੧੮੪੭ ਨੂੰ ਹੋਣ ਵਾਲੀ ਮੀਟਿੰਗ ਵਿੱਚ ਕਤਲ ਕਰਨਾ ਸੀ। ਜਦੋਂ ਇਹ ਸਾਜਿਸ ਅਸਫਲ ਹੋ ਗਈ ਤਾਂ ਕਰਨਲ ਲਾਰੰਸ ਨੇ ਬਾਬਾ ਮਹਾਰਾਜ ਸਿੰਘ, ਮਹਾਰਾਣੀ ਜਿੰਦ ਕੌਰ, ਉਨ੍ਹਾਂ ਦੇ ਨਿਜੀ ਸਕੱਤਰ ਬੂਟਾ ਸਿੰਘ ਅਤੇ ਪ੍ਰੇਮੇ ਨੂੰ ਦੋਸੀ ਕਰਾਰ ਦਿੱਤਾ। ਬਾਬਾ ਮਹਾਰਾਜ ਸਿੰਘ ਦੇ ਗ੍ਰਿਫਤਾਰੀ ਵਾਰੰਟ ਜਾਰੀ ਕਰ ਦਿੱਤੇ। ਗ੍ਰਿਫਤਾਰ ਕਰਾਉਣ ਵਾਲੇ ਨੂੰ ੧੦੦੦੦ ਰੁਪਏ ਇਨਾਮ ਦਾ ਐਲਾਨ ਕਰ ਦਿੱਤਾ। ਬਾਬਾ ਮਹਾਰਾਜ ਸਿੰਘ ਦੀ ਸਾਰੀ ਜਾਇਦਾਦ ਡੇਰਾ ਸਮਦੂ ਤਾਲਾਬ ਅੰਮ੍ਰਿਤਸਰ ਵਾਲੀ ਨੀਲਾਮ ਕਰ ਦਿੱਤੀ। ਬਾਬਾ ਮਹਾਰਾਜ ਸਿੰਘ ਨੂੰ ਪਨਾਹ ਦੇਣ ਵਾਲੇ ਦਾ ਘਰ ਅਤੇ ਜਾਇਦਾਦ ਜ਼ਬਤ ਕਰਨ ਦੇ ਹੁਕਮ ਜਾਰੀ ਕਰ ਦਿੱਤੇ। ਇਹ ਖਬਰ ਬਾਬਾ ਜੀ ਪਾਸ ਪਹੁੰਚ ਗਈ ਕਿ ਇੱਕ ਫੌਜੀ ਟੁਕੜੀ ਉਨ੍ਹਾਂ ਨੂੰ ਗ੍ਰਿਫਤਾਰ ਕਰਨ ਹਿਤ ਚਲ ਪਈ ਹੈ। ਇਸੇ ਹੀ ਸ਼ਾਮ ਆਪ ਜੀ ਨੇ ਸ੍ਰੀ ਦਰਬਾਰ ਸਾਹਿਬ ਦੀ ਪ੍ਰਕਰਮਾ ਵਿੱਚ ਹਜ਼ਾਰਾਂ ਸੰਗਤਾਂ ਦੀ ਹਾਜਰੀ ਵਿੱਚ ਇਹ ਪ੍ਰਣ ਲਿਆ:

ਮੈਂ ਗੁਰੂ ਰਾਮਦਾਸ ਜੀ ਦੀ ਨਗਰੀ ਤੇ ਸ਼ਹੀਦਾਂ ਦੇ ਖ਼ੂਨ ਨਾਲ ਪਵਿੱਤਰ ਹੋਈ ਮਿੱਟੀ ਚੁੱਕ ਕੇ ਹਰਿਮੰਦਰ ਸਾਹਿਬ ਦੇ ਸਾਹਮਣੇ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜੂਰੀ ਅੰਦਰ ਪ੍ਰਤਿੱਗਿਆ ਕਰਦਾ ਹਾਂ ਕਿ ਮੈਂ ਧਰਮ ਤੇ ਵਤਨ ਦੀ ਸੁਤੰਤ੍ਰਤਾ ਹਿਤ ਵਿਦੇਸ਼ੀ ਰਾਜ ਸ਼ਕਤੀਆਂ ਨੂੰ ਆਪਣੇ ਪਿਆਰੇ ਪੰਜਾਬ ਅੰਦਰ ਕਦੇ ਵੀ ਪੈਰ ਨਹੀਂ ਜਮਾਉਣ ਦਿਆਂਗਾ। ਅੰਗ੍ਰੇਜਾਂ ਨੂੰ ਪਹਿਲਾਂ ਪੰਜਾਬ ਤੇ ਫਿਰ ਸਾਰੇ ਭਾਰਤ ਵਰਸ਼ ਵਿਚੋਂ ਕੱਢਣ ਹਿੱਤ ਆਪਣੀ ਸਮੁੱਚੀ ਸ਼ਕਤੀ ਦੀ ਵਰਤੋਂ ਕਰਾਂਗਾ। ਧਰਮ ਯੁੱਧ ਕਰਦਿਆਂ ਕੋਈ ਕਮਜੋਰੀ ਨਹੀਂ

ਵਿਖਾਵਾਂਗਾ। ਅੰਗ੍ਰੇਜ ਰਾਜ ਦੇ ਕਰਮਚਾਰੀਆਂ ਨਾਲ ਕੋਈ ਸਮਝੌਤਾ ਨਹੀਂ ਕਰਾਂਗਾ, ਜਦੋਂ ਤੱਕ ਜਿਉਂਦਾ ਰਹਾਂਗਾ ਤਨ, ਮਨ, ਧਨ ਨਾਲ ਦੇਸ, ਧਰਮ ਦੀ ਸੁਤੰਤਰਤਾ ਹਿਤ ਯੁੱਧ ਕਰਦਾ ਰਹਾਂਗਾ। ਕਦੇ ਹਥਿਆਰ ਨਹੀਂ ਸੁਟਾਂਗਾ। ਜੇਕਰ ਈਸ਼ਵਰ ਨੂੰ ਮੇਰੀ ਜਿੱਤ ਮਨਜ਼ੂਰ ਨਾ ਹੋਈ ਤਦ ਧਰਮ ਯੁੱਧ ਅੰਦਰ ਸ਼ਹੀਦੀ ਪ੍ਰਾਪਤ ਕਰਾਂਗਾ।

ਇਸ ਪ੍ਰਤਿੱਗਿਆ ਤੋਂ ਬਾਅਦ ਬਾਬਾ ਜੀ ਰੂਹ ਪੋਸ਼ ਹੋ ਗਏ। ਬਾਬਾ ਜੀ ਦੇ ਡੇਰੇ ਨੂੰ ਲੁੱਟਿਆ ਗਿਆ, ਸਾਮਾਨ ਨਿਲਾਮ ਕਰ ਦਿੱਤਾ ਗਿਆ। ਮਿਸਟਰ ਲਾਰੰਸ ਨੇ ਹੁਕਮ ਕੀਤਾ ਕਿ ਜਿਸ ਨਗਰ ਵਿੱਚ ਬਾਬਾ ਜੀ ਜਾਣ ਉਹ ਨਗਰ ਉਜਾੜ ਦਿੱਤਾ ਜਾਵੇ। ਜੋ ਵਿਅਕਤੀ ਬਾਬਾ ਜੀ ਦੀ ਮਦਦ ਕਰੇ ਉਸ ਦੇ ਨੱਕ, ਕੰਨ, ਕੱਟ ਦਿੱਤੇ ਜਾਣ। ਅੰਗ੍ਰੇਜ਼ੀ ਹਕੂਮਤ ਨੇ ਜ਼ਿਲ੍ਹਾ ਅੰਮ੍ਰਿਤਸਰ ਅਤੇ ਲਾਹੌਰ ਨਗਰਾਂ ਵਿੱਚ ਸਖਤੀ ਦੀ ਹੱਦ ਕਰ ਦਿੱਤੀ। ਲੋਕ ਘਰੋਂ ਕੱਢੇ ਗਏ, ਸੈਂਕੜੇ, ਥਾਣੇ ਬਿਠਾਏ ਗਏ। ਪਰ ਵੇਖੋ ਪਿਆਰ ਤੇ ਸਿਦਕ ਦੀ ਹੱਦ ਕਿ ਅੰਗ੍ਰੇਜ਼ਾਂ ਨੂੰ ਕਿਸੇ ਇਕ ਵੀ ਪੰਜਾਬੀ ਨੇ ਬਾਬਾ ਜੀ ਬਾਰੇ ਕੋਈ ਖਬਰ ਨਹੀਂ ਦਿੱਤੀ। ਬਾਬਾ ਮਹਾਰਾਜ ਸਿੰਘ ਦਾ ਸੰਪਰਕ, ਹਲ ਵਾਹਕਾਂ ਤੋਂ ਲੈ ਕੇ ਦਰਬਾਰ ਦੀਆਂ ਜੜ੍ਹਾਂ ਤੱਕ ਸੀ।

ਇਨ੍ਹਾਂ ਹੀ ਦਿਨ੍ਹਾਂ ਅੰਦਰ ਬਾਬਾ ਜੀ ਨੂੰ ਮੁਲਤਾਨ ਤੋਂ ਗਵਰਨਰ ਮੂਲ ਰਾਜ ਦੀ ਚਿੱਠੀ ਮਿਲੀ ਕਿ ਉਸ ਨੇ ਅੰਗ੍ਰੇਜ਼ਾਂ ਵਿਰੁੱਧ ਬਗਾਵਤ ਕਰ ਦਿੱਤੀ ਹੈ। ਰਾਜਾ ਸ਼ੇਰ ਸਿੰਘ ਤੇ ਹੋਰ ਸਰਦਾਰ ਜੋ ਲਾਹੌਰ ਦਰਬਾਰ ਵਲੋਂ ਉਨ੍ਹਾਂ ਵਿਰੁੱਧ ਜੰਗ ਕਰਨ ਆ ਰਹੇ ਹਨ ਉਨ੍ਹਾਂ ਨੂੰ ਰੋਕੋ। ਇਹ ਪੱਤਰ ਮਿਲਦੇ ਸਾਰ ਹੀ ਆਪ ਮੁਲਤਾਨ ਨੂੰ ਚਲ ਪਏ। ਜਦੋਂ ਆਪ ਝੰਗ ਪੁਜੇ ਤਾਂ ਸਾਰੇ ਹੀ ਨਗਰ ਦੇ ਮਹਾਜਨ ਇਕੱਠੇ ਹੋ ਕੇ ਆਏ ਅਤੇ ਪੰਜਾਬ ਦਾ ਧਰਮ ਯੁੱਧ ਇਸੇ ਹੀ ਸ਼ਹਿਰ ਵਿੱਚ ਕਰਨ ਲਈ ਕਿਹਾ। ਬਾਬਾ ਜੀ ਨੇ ਕਿਹਾ ਕਿ ਇਸ ਸਮੇਂ ਤਾਂ ਮੁਲਤਾਨ ਜਾ ਕੇ ਦੇਸ ਭਗਤ ਮੂਲ ਰਾਜ ਦੀ ਮਦਦ ਕਰਨ ਦੀ ਲੋੜ ਹੈ। ਤੁਹਾਡਾ ਪਿਆਰ ਸਾਨੂੰ ਸਦਾ ਯਾਦ ਰਹੇਗਾ। ਬਾਬਾ ਜੀ ਨੇ ਮੁਲਤਾਨ ਪੁੱਜ ਕੇ ਦੀਵਾਨ ਮੂਲ ਚੰਦ ਦੀ ਪੂਰੀ ਮਦਦ ਕੀਤੀ। ਰਾਜਾ ਸ਼ੇਰ ਸਿੰਘ ਵੀ ਬਾਬਾ ਜੀ ਦੇ ਕਹਿਣ ਤੇ ਮੂਲ ਚੰਦ ਦੀ ਮਦਦ ਤੇ ਆ ਗਿਆ। ਪਰ ਬਾਬਾ ਜੀ ਦੇ ਮੂਲ ਚੰਦ ਨਾਲ ਮੱਤਭੇਦ ਹੋ ਗਏ। ਇਸ ਦਾ ਕਾਰਨ ਇਹ ਹੋਇਆ ਕਿ ਸਿਪਾਹੀਆਂ ਨੂੰ ਥੋੜੀ ਤਨਖਾਹ ਦਿੱਤੀ ਜਾਂਦੀ ਸੀ ਜੋ ਕਿ ਬਾਬਾ ਜੀ ਨੂੰ ਪਸੰਦ ਨਹੀਂ ਸੀ।

ਇਸ ਤੋਂ ਬਾਅਦ ਬਾਬਾ ਜੀ ਨੇ ਜਸਵਾਂ ਤੇ ਕੱਟ ਲਹਿਰ ਦੇ ਰਾਜਪੂਤ ਰਾਜਿਆਂ, ਊਨੇ ਦੇ ਬਾਬਾ ਬਿਕਰਮ ਸਿੰਘ, ਕਰਤਾਰ ਪੁਰ ਦੇ ਲੱਧਾ ਸਿੰਘ, ਨੂਰਪੁਰ ਦੇ ਰਾਮ ਸਿੰਘ ਅਤੇ ਰੰਘੜ ਨੰਗਲ ਦੇ ਲਾਲ ਸਿੰਘ ਅਤੇ ਅਰਜਨ ਸਿੰਘ ਨੂੰ ਲੈ ਕੇ ਨਵੇਂ ਸਿਰਿਉਂ ਅੰਗ੍ਰੇਜ਼ਾਂ ਵਿਰੁੱਧ ਲਾਮਬੰਦੀ ਕੀਤੀ। ਇਹ ਬਗਾਵਤ ਵੀ ਅੰਗ੍ਰੇਜਾਂ ਨੇ ਸਖਤੀ ਨਾਲ ਕੁਚਲ ਦਿੱਤੀ। ਇਸ ਤੋਂ ਬਾਅਦ ਬਾਬਾ ਜੀ ਨੇ ਅਟਾਰੀ ਵਾਲੇ ਚਤਰ ਸਿੰਘ ਨੂੰ ਮੋਢੀ ਬਣਾ ਕੇ ਸੰਘਰਸ਼ ਜਾਰੀ ਰੱਖਿਆ। ਰਾਮ ਨਗਰ, ਚੇਲੀਆਂ ਵਾਲੀ ਤੇ ਗੁਜਰਾਤ ਦੀਆਂ ਲੜਾਈਆਂ ਵਿੱਚ ਬਾਬਾ ਜੀ

ਆਪਣੀ ਕਾਲੀ ਘੋੜੀ ਤੇ ਸੁਆਰ ਹੋ ਕੇ ਬਹਾਦਰੀ ਨਾਲ ਲੜੇ। ਹਜ਼ਾਰਾਂ ਸੂਰਮੇ ਬਾਬਾ ਜੀ ਦੀ ਪ੍ਰੇਰਨਾ ਸਦਕਾ ਇਨ੍ਹਾਂ ਲੜਾਈਆਂ ਵਿੱਚ ਸਾਮਲ ਹੋਏ। ਗੁਜਰਾਤ ਦੀ ਲੜਾਈ ਇਸ ਬਗਾਵਤ ਦੀ ਆਖਰੀ ਜੰਗ ਸੀ। ਆਪਣੇ ਸੀਮਤ ਸਾਧਨਾਂ ਕਰਕੇ ਸਿੰਘ ਹਾਰ ਗਏ। ਇਸ ਹਾਰ ਤੋਂ ਬਾਅਦ ਬਾਬਾ ਜੀ, ਅਟਾਰੀ ਵਾਲੇ ਚਤਰ ਸਿੰਘ ਅਤੇ ਬਾਬਾ ਬਿਕਰਮ ਸਿੰਘ ਰਾਵਲਪਿੰਡੀ ਵਲ ਚਲੇ ਗਏ। ਜਨਰਲ ਗਿਲਬਰਟ ੧੫੦੦੦ ਜਵਾਨਾਂ ਤੇ ਭਾਰੀ ਤੋਪ ਖਾਨੇ ਨਾਲ ਉਨ੍ਹਾਂ ਦਾ ਪਿੱਛਾ ਕਰ ਰਿਹਾ ਸੀ। ਬਾਬਾ ਜੀ ਨੇ ਅਟਾਰੀ ਵਾਲੇ ਸਰਦਾਰਾਂ ਨੂੰ ਸਲਾਹ ਦਿੱਤੀ ਕਿ ਰਾਵਲਪਿੰਡੀ ਜਾਂ ਹਸਨ ਅਬਦਾਲ ਵਿੱਚ ਅੰਗ੍ਰੇਜ਼ਾਂ ਨਾਲ ਦੋ ਹੱਥ ਕੀਤੇ ਜਾਣ। ਪਰ ਅਟਾਰੀ ਵਾਲੇ ਹੌਸਲਾ ਹਾਰ ਬੈਠੇ ਸਨ ਉਨ੍ਹਾਂ ਨੇ ੧੪ ਮਾਰਚ ੧੮੪੯ ਨੂੰ ਅੰਗ੍ਰੇਜ਼ਾਂ ਸਾਹਮਣੇ ਹਥਿਆਰ ਸੁੱਟ ਦਿੱਤੇ। ਬਾਬਾ ਜੀ ਇਸ ਗਲੋਂ ਕਾਫੀ ਦੁੱਖੀ ਹੋਏ ਪਰ ਉਨ੍ਹਾਂ ਨੇ ਫੈਸਲਾ ਕਰ ਲਿਆ ਕਿ ਭਾਵੇ ਇਕੱਲੇ ਹੀ ਕਿਉਂ ਨਾ ਲੜਨਾ ਪਵੇ ਉਹ ਅੰਗ੍ਰੇਜਾਂ ਵਿਰੁਧ ਡਟੇ ਰਹਿਣਗੇ।

ਹੁਣ ਤਕ ਅੰਗ੍ਰੇਜ਼ਾਂ ਦਾ ਪੰਜਾਬ ਤੇ ਪੱਕਾ ਕਬਜ਼ਾ ਹੋ ਗਿਆ ਸੀ। ਬਾਬਾ ਜੀ ਨੇ ਦੇਖ ਲਿਆ ਕਿ ਆਪਣੀਆਂ ਗੁਰੀਲਾ ਸਰਗਰਮੀਆਂ ਨੂੰ ਹੁਣ ਉਹ ਪੰਜਾਬ ਵਿੱਚ ਨਹੀਂ ਚਲਾ ਸਕਣਗੇ। ਬਾਬਾ ਜੀ ਫੌਜਾਂ ਵਿਚੋਂ ਨਿਕਲ ਗਏ ਅਤੇ ਧਰਮ ਯੁੱਧ ਦੀ ਤਿਆਰੀ ਹਿਤ ਸੁਖੋਂ, ਦੌਲਤਾਨਾ, ਬਸਾਲੀ ਦੇ ਰਸਤੇ ਜੰਮੂ ਦੇ ਇਲਾਕੇ ਵਿੱਚ ਦੇਵੀ ਬਟਾਲਾ ਜਾ ਕੇ ਡੇਰਾ ਲਾ ਲਿਆ। ਇਥੋਂ ਆਪ ਨੇ ਸਾਰੇ ਧਰਮ ਅਸਥਾਨਾਂ ਨੂੰ ਯੁੱਧ ਦੀ ਤਿਆਰੀ ਲਈ ਸੱਦੇ ਭੇਜੇ। ਇਥੋਂ ਹੀ ਆਪ ਨੇ ਮਹਾਰਾਜਾ ਦਲੀਪ ਸਿੰਘ ਨੂੰ ਲਾਹੌਰ ਤੋਂ ਚੁੱਕ ਕੇ ਲਿਆਉਣ ਅਤੇ ਉਸ ਦੇ ਨਾਮ ਤੇ ਕਿਸੇ ਹੋਰ ਥਾਂ ਤੋਂ ਰਾਜ ਚਲਾਉਣ ਦਾ ਉਪਰਾਲਾ ਕੀਤਾ। ਇਸ ਕਾਰਜ ਵਿੱਚ ਵੀਹ ਮੰਨੇ ਦਲੇਰ ਸਰਦਾਰ ਲਾਏ ਗਏ, ਜਿਨ੍ਹਾਂ ਵਿੱਚ ਪ੍ਰਮੁਖ ਸਨ, ਕਮਾਂਡੈਂਟ ਪ੍ਰੇਮ ਸਿੰਘ, ਬੂਟਾ ਸਿੰਘ, ਜਵਾਹਰ ਸਿੰਘ ਸਰਹਾਲੀ, ਮਹਿਤਾਬ ਸਿੰਘ ਨੌਸ਼ਹਿਰਾ, ਭੂਪ ਸਿੰਘ, ਦਲ ਸਿੰਘ ਆਦਿ ਅਤੇ ਆਗੂ ਬਾਬਾ ਰਾਮ ਸਿੰਘ ਜੀ ਸਨ। ਜਿਨ੍ਹਾਂ ਦਾ ਡੇਰਾ ਦੁਆਬੇ, ਜਹੂਰੇ ਵਿੱਚ ਸੀ। ਪਰ ਇਹ ਸਕੀਮ ਵੀ ਸਫਲ ਨਾ ਹੋ ਸਕੀ।

ਬਾਬਾ ਮਹਾਰਾਜ ਸਿੰਘ ਜੀ ਨੇ ਪਹਾੜੀ ਰਾਜੇ ਸੰਸਾਰ ਚੰਦ ਅਤੇ ਕੁਝ ਹੋਰ ਵੀ ਨਾਲ ਮਿਲਾ ਲਏ ਮੇਰਠ ਤੋਂ ਲੈ ਕੇ ਪਿਸ਼ਾਵਰ ਤਕ ਦੀਆਂ ਛਾਉਣੀਆਂ ਅੰਦਰ ਆਪ ਨੇ ਬੰਦੇ ਭੇਜ ਕੇ ਸੰਪਰਕ ਕੀਤਾ। ਉਨ੍ਹਾਂ ਆਪਣੇ ਸਾਥੀ ਸਾਰੇ ਪੰਜਾਬ ਵਿੱਚ ਖਿੰਡਾ ਦਿਤੇ। ਉਨ੍ਹਾਂ ਦੇ ਸੇਵਕ ਕਾਬਲ ਤੇ ਕੰਧਾਰ ਤਕ ਗਰੁੱਪ ਬਣਾ ਕੇ ਫੈਲ ਗਏ। ਕਾਬਲ ਦੇ ਅਮੀਰ ਦੋਸਤ ਮੁਹੰਮਦ ਖਾਨ ਦੇ ਭਰਾ ਸੁਲੇਮਾਨ ਮੁਹਮੰਦ ਖਾਨ ਨੂੰ ਵੀ ਮਦਦ ਲਈ ਸੁਨੇਹਾ ਭੇਜਿਆ। ਪਰ ਕਾਬਲ ਦੇ ਅਮੀਰ ਨੇ ਕਿਹਾ ਕਿ ਪਠਾਣ ਸਿੱਖਾਂ ਦੀ ਮਦਦ ਲਈ ਤਿਆਰ ਹਨ ਪਰ ਪੈਸੇ ਦੀ ਕਮੀ ਕਾਰਨ ਉਹ ਤੁਰੰਤ ਕੋਈ ਕਦਮ ਚੁੱਕਣੋ ਅਸਮਰਥ ਹਨ। ਫਿਰ ਬਾਬਾ ਜੀ ਨੇ ਜੰਮੂ ਦਾ ਇਲਾਕਾ ਛੱਡ ਕੇ ਅਗਸਤ ੧੮੪੯ ਈ. ਪੰਜਾਬ ਵਿੱਚ ਬਟਾਲੇ ਨੇੜੇ ਜੱਸੋਵਾਲ ਆ ਡੇਰਾ

ਲਾਇਆ। ਆਪ ਨੇ ਹੁਸਿਆਰਪੁਰ, ਕਪੂਰਥਲਾ, ਅੰਮ੍ਰਿਤਸਰ ਦੇ ਪੇਂਡੂ ਇਲਾਕਿਆਂ ਵਿੱਚ ਜਾ ਕੇ ਗੁਪਤ ਪ੍ਰਚਾਰ ਕੀਤਾ। ਉਨ੍ਹਾਂ ਨੇ ਸਰਕਾਰੀ ਛਾਉਣੀਆਂ ਤੇ ਹੱਲੇ ਕਰਕੇ ਤੇ ਖਜਾਨੇ ਲੁੱਟਣ ਦੀ ਸਕੀਮ ਬਣਾਈ। ਆਪ ਨੂੰ ਜਨ ਸਾਧਾਰਨ ਵਲੋਂ ਭਰਪੂਰ ਹੁੰਗਾਰਾ ਮਿਲਿਆ। ਆਪ ਨੇ ਗੁਰੂ ਗ੍ਰੰਥ ਸਾਹਿਬ ਜੀ ਦਾ ਵਾਕ ਲੈ ਕੇ ੨੦ ਪੋਹ, ੩ ਜਨਵਰੀ ੧੮੪੯ ਦਾ ਦਿਨ ਹੁਸ਼ਿਆਰਪੁਰ ਤੇ ਜਲੰਧਰ ਦੀਆ ਛਾਉਣੀਆਂ ਤੋਂ ਬਗਾਵਤ ਕਰਨ ਲਈ ਨੀਯਤ ਕੀਤਾ। ਇਹ ਐਲਾਨ ਕਰਕੇ ਉਹ ਟਾਂਡਾ, ਜ਼ਹੂਰਾ, ਕੰਡੋਲਾ, ਬਾਲੀਵਾਲ, ਆਦਮਪੁਰ, ਸ਼ਾਮ ਚੁਰਾਸੀ ਆਦਿ ਦੇ ਪਿੰਡਾਂ ਦੇ ਦੌਰੇ ਤੇ ਨਿਕਲ ਗਏ। ਇਨ੍ਹਾਂ ਦਿਨ੍ਹਾਂ ਵਿੱਚ ਬਾਬਾ ਜੀ ਸਾਧੂ ਦੇ ਭੇਸ ਵਿੱਚ ਬਿਨ੍ਹਾਂ ਹਥਿਆਰਾਂ ਤੋਂ ਹੀ ਵਿਚਰਦੇ ਸਨ।

ਬਗਾਵਤ ਦਾ ਦਿਨ ਤਿੰਨ ਜਨਵਰੀ ਤੋਂ ੬ ਦਿਨ ਪਹਿਲਾਂ ੨੮ ਦਸੰਬਰ ੧੮੪੯ ਈ. ਨੂੰ ਕਿਸੇ ਗਦਾਰ ਨੇ ਡਿਪਟੀ ਕਮਿਸ਼ਨਰ ਜਲੰਧਰ, ਹੈਨਰੀ ਵੈਨਿਸਟਾਰਟ ਨੂੰ ਸੂਹ ਦਿੱਤੀ ਕਿ ਬਾਬਾ ਜੀ ਆਦਮਪੁਰ ਦੁਆਬਾ ਤੇ ਸ਼ਾਮ ਚੁਰਾਸੀ ਦੇ ਵਿਚਕਾਰ ਇੱਕ ਖੇਤ ਵਿੱਚ ਲੁਕੇ ਬੈਠੇ ਹਨ। ਮਿੰਟਾਂ ਵਿੱਚ ਹੀ ਡਿਪਟੀ ਕਮਿਸ਼ਨਰ ਨੇ ਘੋੜ ਸੁਆਰਾਂ ਨੂੰ ਤੋਰ ਦਿੱਤਾ। ਖੇਤ ਦੁਆਲੇ ਘੇਰਾ ਪਾ ਕੇ ਬਾਬਾ ਜੀ ਅਤੇ ਉਨ੍ਹਾਂ ਦੇ ੨੧ ਸਾਥੀ ਗ੍ਰਿਫਤਾਰ ਕਰ ਲਏ ਗਏ। ਇੱਕ ਸਿੰਘ ਭਾਈ ਅਮੀਰ ਸਿੰਘ ਸ਼ਹੀਦ ਹੋ ਗਿਆ। ਉਸ ਸਮੇਂ ਬਾਬਾ ਜੀ ਅਤੇ ਉਨ੍ਹਾਂ ਦੇ ਸਾਥੀਆਂ ਕੋਲ ਮਾਰੂ ਹਥਿਆਰ ਨਹੀਂ ਸਨ।

ਬਾਬਾ ਜੀ ਦੀ ਗ੍ਰਿਫਤਾਰੀ ਤੋਂ ਬਾਅਦ ਉਨ੍ਹਾਂ ਦੀ ਸਨਾਖਤ ਕਰਾ ਕੇ ਵੀ ਸਰਕਾਰ ਨੂੰ ਮਸਾਂ ਹੀ ਤਸੱਲੀ ਹੋਈ ਕਿ ਇੱਕ ਖਤਰਨਾਕ ਬਾਗੀ ਹੁਣ ਉਨ੍ਹਾਂ ਦੀ ਕੈਦ ਵਿੱਚ ਹੈ। ਅੰਗ੍ਰੇਜ਼ ਅਧਿਕਾਰੀਆਂ ਨੂੰ ਪੂਰੀ ਤਸੱਲੀ ਉਦੋਂ ਹੋਈ ਜਦੋਂ ਉਨ੍ਹਾਂ ਦੇਖਿਆ ਕਿ ਬਾਬਾ ਜੀ ਨੂੰ ਜੇਲ੍ਹ ਲਿਜਾਂਦੇ ਸਮੇਂ ਰਸਤੇ ਵਿੱਚ ਹਰ ਸਿੱਖ ਨੇ ਸਿਰ ਨਿਵਾ ਕੇ ਉਨ੍ਹਾਂ ਦਾ ਸਤਿਕਾਰ ਕੀਤਾ। ਗ੍ਰਿਫਤਾਰੀ ਦੀ ਖਬਰ ਫੈਲਦਿਆਂ ਹੀ ਹਜਾਰਾਂ ਸਿੱਖ ਜੇਲ੍ਹ ਦੀ ਹੱਦ ਅੰਦਰ ਇਕੱਠੇ ਹੋ ਗਏ। ਅੰਗ੍ਰੇਜ਼ ਅਧਿਕਾਰੀਆਂ ਨੇ ਬਾਬਾ ਜੀ ਨੂੰ ਜੰਜੀਰਾਂ ਨਾਲ ਜਕੜਿਆ ਅਤੇ ਉਨ੍ਹਾਂ ਦੀ ਕੈਦ ਕੋਠੜੀ ਬਾਹਰ ਸਖਤ ਦੋਹਰਾ ਪਹਿਰਾ ਲਾਇਆ ਗਿਆ ਕਿ ਕਿਤੇ ਸਿੰਘ ਹੱਲਾ ਕਰਕੇ ਬਾਬਾ ਜੀ ਨੂੰ ਛੁਡਾ ਨਾ ਲੈਣ। ਲਾਰਡ ਡਲਹੌਜੀ ਨੇ ਬ੍ਰਿਗੇਡੀਅਰ ਵੀਲ੍ਹਰ ਦੀ ਡਿਊਟੀ ਲਾਈ ਕਿ ਉਹ ਜਲੰਧਰ ਤੋਂ ਬਾਬਾ ਜੀ ਨੂੰ ਹਿਰਾਸਤ ਵਿੱਚ ਲਵੇ ਅਤੇ ਉਨ੍ਹਾਂ ਨੂੰ ਅਲਾਹਾਬਾਦ ਪੁਚਾ ਦੇਵੇ। ੩੦ ਜਨਵਰੀ ੧੮੫੦ ਈ. ਨੂੰ ਬਾਬਾ ਜੀ ਨੂੰ ਜਲੰਧਰੋਂ ਲੈ ਗਏ ਅਤੇ ੧੯ ਅਪ੍ਰੈਲ ਨੂੰ ਕਲਕੱਤੇ ਪੁਚਾ ਦਿਤਾ। ਇਕ ਸੇਵਕ ਭਾਈ ਖੜਕਸਿੰਘ ਉਨ੍ਹਾਂ ਦੇ ਨਾਲ ਸੀ। ਸਾਰੇ ਸਫਰ ਦੌਰਾਨ ਆਪ ਨੂੰ ਬੇੜੀਆਂ ਵਿੱਚ ਜਕੜ ਕੇ ਰੱਖਿਆ ਗਿਆ। ਕਲਕੱਤੇ ਦੇ ਫੋਰਟ ਵਿਲਿਅਮ ਵਿੱਚ ਉਨ੍ਹਾਂ ਨੂੰ ਕੈਦ ਰੱਖਿਆ ਗਿਆ। ਮਹੀਨੇ ਕੁ ਬਾਅਦ ਡਲਹੌਜੀ ਨੇ ਬਾਬਾ ਜੀ ਨੂੰ ਜਲਾਵਤਨ ਕਰ ਕੇ ਸਿੰਘਾਪੁਰ ਭੇਜਣ ਦਾ ਹੁਕਮ ਦੇ ਦਿੱਤਾ। ੧੫ ਮਈ ਨੂੰ ਉਨ੍ਹਾਂ ਨੂੰ ਜਹਾਜ

ਦੇ ਚੜ੍ਹਾ ਦਿੱਤਾ ਗਿਆ ਪਰ ਬੇੜੀਆਂ ਉਦੋਂ ਹੀ ਖੋਲੀਆਂ ਗਈਆਂ ਜਦੋਂ ਜਹਾਜ ਸਮੁੰਦਰ ਦੇ ਡੂਘੇ ਪਾਣੀ ਵਿੱਚ ਤੈਰਨ ਲਗਾ। ਨੌ ਜੂਨ ਨੂੰ ਆਪ ਨੂੰ ਸਿੰਘਾਪੁਰ ਜੇਲ੍ਹ ਵਿੱਚ ਬੰਦ ਕਰ ਦਿੱਤਾ ਗਿਆ। ਜੇਲ੍ਹ ਦੀ ਉਪਰਲੀ ਮੰਜਿਲ ਵਿੱਚ ਰੱਖਿਆ ਗਿਆ ਅਤੇ ਦੋਵੇ ਖਿੜਕੀਆਂ ਇੱਟਾਂ ਚਿਣ ਕੇ ਬੰਦ ਕਰ ਦਿੱਤੀਆਂ ਅਤੇ ਬਰਾਂਡੇ ਨੂੰ ਇੱਕ ਮਜਬੂਤ ਲੋਹੇ ਦੇ ਦਰਵਾਜੇ ਨਾਲ ਬਾਕੀ ਕਮਰਿਆਂ ਤੋਂ ਨਿਖੇੜ ਦਿੱਤਾ ਗਿਆ।

ਇਸ ਘੁੱਪ ਹਨੇਰੀ ਕਾਲਕੋਠੜੀ ਵਿੱਚ ਦਿਨ ਰਾਤ ਸੰਗਲਾਂ ਨਾਲ ਬੰਨੇ ਬਾਬਾ ਜੀ ਦੀ ਸਿਹਤ ਵਿਗੜਨ ਲੱਗੀ। ਕਿਉਂਕਿ ਜੇਲ੍ਹ ਵਿੱਚ ਬਹੁਤ ਤਸੀਹੇ ਦਿੱਤੇ ਗਏ। ਉਨ੍ਹਾਂ ਦੇ ਖਾਣੇ ਵਿੱਚ ਵੀ ਕੱਚ ਪੀਸ ਕੇ ਪਾਇਆ ਜਾਂਦਾ ਸੀ। ਉਨ੍ਹਾਂ ਨੂੰ ਜੋੜ ਦਰਦਾਂ ਦੀ ਸ਼ਿਕਾਇਤ ਹੋ ਗਈ। ਅਗਸਤ ੧੮੫੧ ਦੀ ਇੱਕ ਚਿੱਠੀ ਵਿੱਚ ਸਿੰਘਾਪੁਰ ਦੇ ਅੰਗ੍ਰੇਜ਼ ਗਵਰਨਰ ਨੇ ਭਾਰਤ ਸਰਕਾਰ ਨੂੰ ਲਿਖਿਆ ਕਿ ਬਾਬਾ ਜੀ ਜਦੋਂ ਦੇ ਸਾਡੀ ਜੇਲ੍ਹ ਵਿੱਚ ਆਏ ਹਨ, ਉਨ੍ਹਾਂ ਦਾ ਵਿਵਹਾਰ ਬਿਲਕੁਲ ਠੀਕ ਰਿਹਾ ਹੈ। ਜਿਸ ਤਰ੍ਹਾਂ ਉਨ੍ਹਾਂ ਨੇ ਸਭ ਮੁਸੀਬਤਾਂ ਤੇ ਕਸ਼ਟ ਸਹਾਰੇ ਹਨ ਅਤੇ ਬਿਲਕੁਲ ਡੋਲੇ ਨਹੀਂ, ਇਹ ਸਭ ਕੁਝ ਸਿੱਖ ਗੁਰੂਆਂ ਦੇ ਦੱਸੇ ਰਾਹ ਅਨੁਸਾਰ ਹੈ। ਬਾਬਾ ਜੀ ਦੀ ਸਿਹਤ ਦਿਨੋ-ਦਿਨ ਵਿਗੜਦੀ ਗਈ ਜਨਵਰੀ ੧੮੫੩ ਵਿੱਚ ਉਨ੍ਹਾਂ ਦੀ ਅੱਖਾਂ ਦੀ ਜੋਤ ਬਿਲਕੁਲ ਖਤਮ ਹੋ ਗਈ। ਉਥੋਂ ਦੇ ਰੈਜੀਡੈਂਟ ਕੌਂਸਲ ਨੇ ਭਾਰਤ ਸਰਕਾਰ ਨੂੰ ਪੱਤਰ ਲਿਖਿਆ ਜਿਸ ਵਿੱਚ ਉਨ੍ਹਾਂ ਕਿਹਾ ਕਿ ਬਾਬਾ ਜੀ ਨੂੰ ਕੁਝ ਹਵਾ ਖੋਰੀ ਲਈ ਬਾਹਰ ਲਿਜਾਣਾ ਜ਼ਰੂਰੀ ਹੈ ਭਾਂਵੇ ਅਜਿਹਾ ਕਰੜੀ ਨਿਗਰਾਨੀ ਹੇਠ ਹੀ ਕੀਤਾ ਜਾਵੇ। ਭਾਰਤ ਦੀ ਜ਼ਾਲਮ ਅੰਗ੍ਰੇਜ਼ੀ ਸਰਕਾਰ ਨੇ ਕੋਰੀ ਨਾਂਹ ਕਰ ਦਿੱਤੀ। ਬਾਬਾ ਮਹਾਰਾਜ ਸਿੰਘ ਜੀ ਆਪਣੇ ਜੀਵਨ ਦੀ ਆਹੂਤੀ ਸਿੱਖ ਰਾਜ ਦੀ ਸ਼ਮਾਂ ਤੇ ਤਿਲ-ਤਿਲ ਕਰਕੇ ਦਿੰਦੇ ਰਹੇ। ਪੰਜ ਜੁਲਾਈ ੧੮੫੬ ਨੂੰ ਉਨ੍ਹਾਂ ਦੀ ਜੀਵਨ ਜੋਤ ਸਾਨੂੰ ਚਾਨਣ ਦੇ ਕੇ ਸਦਾ ਲਈ ਬੁਝ ਗਈ।

**ਜੋਤੀ ਜੋਤਿ ਰਲੀ ਸੰਪੂਰਨੁ ਥੀਆ ਰਾਮ ॥** (ਅੰਗ-੮੪੬)

ਇਸ ਪ੍ਰਕਾਰ ਗੁਰੂ ਦਸਮੇਸ਼ ਪਿਤਾ ਦਾ ਸੂਰਬੀਰ ਯੋਧਾ, ਧਰਮੀ ਸਿੰਘ ਦੇਸ ਕੌਮ ਵਾਸਤੇ ਪੁਰਜਾ ਪੁਰਜਾ ਕਟਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਫੁਰਮਾਨ ਤੇ ਫੁਲ ਚੜ੍ਹਾਉਂਦਾ ਹੋਇਆ ਸ਼ਹੀਦ ਹੋ ਗਿਆ।

**ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ ॥**
**ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ ॥** (ਅੰਗ-੧੧੦੫)

ਭਾਈ ਮਹਾਰਾਜ ਸਿੰਘ ਜੀ ਸ਼ਹੀਦੀ ਨੂੰ ਯਾਦ ਰੱਖਣ ਲਈ ਸਿੰਗਾਪੁਰ ਦੇ ਸਿੱਖਾਂ ਨੇ ਸਿਲਟ ਰੋਡ ਤੇ ਅਲੀਸ਼ਾਨ ਗੁਰਦੁਆਰਾ ਬਣਾਇਆ ਹੋਇਆ ਹੈ। ਭਾਈ ਮਹਾਰਾਜ ਸਿੰਘ ਦੇ ਜਨਮ ਅਸਥਾਨ ਪਿੰਡ ਰਬੋਂ ਉਚੀ (ਲੁਧਿਆਣਾ) ਵਿੱਚ ਵੀ ਯਾਦਗਾਰੀ ਗੁਰਦੁਆਰਾ ਸੁਭਾਇਮਾਨ ਹੈ।

-੦-੦-੦-

# ਬਾਬੀਹਾ ਅੰਮ੍ਰਿਤ ਵੇਲੈ ਬੋਲਿਆ

ਸ.ਬਲਿਹਾਰ ਸਿੰਘ, ਮੋ : 99881-20444

ਬਬੀਹਾ (ਗੁਰਮੁਖ) ਸਵਾਂਤੀ ਬੂੰਦ (ਹਰਿ-ਨਾਮ) ਦਾ ਪਿਆਸਾ, ਪ੍ਰਮਾਤਮਾ ਅੱਗੇ ਸੱਚੇ ਦਿਲੋਂ ਸਵਾਂਤੀ ਬੂੰਦ ਦੀ ਪ੍ਰਾਪਤੀ ਲਈ ਅੰਮ੍ਰਿਤ ਵੇਲੇ ਪੁਕਾਰ ਅਰਜੋਈ ਕਰਦਾ ਹੈ। ਨਦੀਆਂ, ਨਾਲੇ, ਸਰੋਵਰ ਪਾਣੀ ਨਾਲ ਨੱਕੋ ਨੱਕ ਭਰੇ ਹੋਏ ਹਨ, ਪ੍ਰੰਤੂ ਇਹ ਸਭ ਬਬੀਹੇ ਦੀ ਪਿਆਸ ਬੁਝਾਉਣ ਵਿੱਚ ਅਸਮਰਥ ਹਨ। ਇਸ ਲਈ ਬਬੀਹਾ ਅੰਮ੍ਰਿਤ ਵੇਲੇ, ਜਦੋਂ ਚਾਰੇ ਪਾਸੇ ਇਕਾਂਤ ਅਤੇ ਸ਼ਾਂਤੀ ਹੁੰਦੀ ਹੈ, ਬਾਰ-ਬਾਰ ਸਵਾਂਤੀ ਬੂੰਦ ਦੇ ਲਈ ਪੁਕਾਰ ਕਰਦਾ ਹੈ। ਬਬੀਹੇ ਦੇ ਮਨ ਦੀ ਵੇਦਨਾ, ਤੜਪ ਪ੍ਰਮਾਤਮਾ ਦੇ ਦਰਬਾਰ ਵਿੱਚ ਸੁਣੀ ਜਾਂਦੀ ਹੈ ਅਤੇ ਉਹ ਬਦਲਾਂ (ਗੁਰੂ) ਨੂੰ ਹੁਕਮ ਕਰਦਾ ਹੈ ਕਿ ਬਬੀਹੇ (ਗੁਰਮੁਖ) ਪਾਸ ਜਾ ਕੇ ਖੂਬ ਵਰਖਾ (ਨਾਮ ਦੀ) ਕਰੋ ਤਾਂ ਕਿ ਬਬੀਹੇ ਦੀ ਤ੍ਰੇਹ ਬੁਝ ਜਾਵੇ ਅਤੇ ਉਹ ਤ੍ਰਿਪਤ ਹੋ ਕੇ ਸ਼ਾਂਤ ਹੋ ਜਾਵੇ :

**ਬਾਬੀਹਾ ਅੰਮ੍ਰਿਤ ਵੇਲੈ ਬੋਲਿਆ ਤਾਂ ਦਰਿ ਸੁਣੀ ਪੁਕਾਰ ॥**
**ਮੇਘੈ ਨੋ ਫੁਰਮਾਨੁ ਹੋਆ ਵਰਸਹੁ ਕਿਰਪਾ ਧਾਰਿ ॥** (ਅੰਗ-੧੨੮੫)

ਅੰਮ੍ਰਿਤ ਵੇਲਾ, ਰਾਤਰੀ ਦਾ ਚੌਥਾ ਪਹਿਰ, ਹੈ ਹੀ ਇਸ ਤਰ੍ਹਾਂ ਦਾ ਸੁਹਾਵਣਾ ਸਮਾਂ ਜਦੋਂ ਦੁਨਿਆਵੀ ਧੰਧਿਆਂ ਦਾ ਸ਼ੋਰ ਸ਼ਰਾਬਾ ਨਾ ਹੋਣ ਕਰਕੇ ਸਭ ਪਾਸੇ ਸ਼ਾਂਤੀ ਦਾ ਅਦਭੁਤ ਵਾਤਾਵਰਣ ਬਣਿਆ ਹੁੰਦਾ ਹੈ। ਹਿੰਦੂ ਧਰਮ ਗ੍ਰੰਥ ਇਸ ਸਮੇਂ ਨੂੰ 'ਬ੍ਰਹਮ ਮਹੂਰਤ" ਦਾ ਨਾਮ ਦਿੰਦੇ ਹਨ ਅਤੇ ਮੁਸਲਮਾਨ 'ਫਜ਼ਰ' ਆਖਦੇ ਹਨ। ਇਹ ਉਹ ਸਮਾਂ ਹੈ ਜਦੋਂ ਇਨਸਾਨੀ ਮਨ, ਸੰਸਾਰਕ ਕੰਮ ਧੰਦਿਆਂ ਅਤੇ ਜਿੰਦਗੀ ਦੀਆਂ ਚਿੰਤਾਵਾਂ ਤੋਂ ਵਿਹਲਾ ਹੋਣ ਕਰਕੇ, ਸਾਂਤ ਹੁੰਦਾ ਹੈ ਅਤੇ ਇਸ ਸੁਹਾਵਣੇ ਅਤੇ ਸ਼ਾਂਤਮਈ ਸਮੇਂ ਪ੍ਰਮਾਤਮਾ ਦੀ ਸਿਫਤ-ਸਲਾਹ ਅਤੇ ਨਾਮ ਸਿਮਰਨ ਵਿੱਚ ਜੁੜ ਕੇ, ਅਕਾਲ ਪੁਰਖ ਨਾਲ ਸੱਚਾ ਪਿਆਰ ਪਾ ਕੇ, ਜਗਤ ਦੇ ਰਚਨਹਾਰ ਤੇ ਮਾਲਕ ਦੀਆਂ ਖੁਸ਼ੀਆਂ ਅਤੇ ਰਹਿਮਤਾਂ ਦਾ ਪਾਤਰ ਬਣ ਸਕਦਾ ਹੈ। ਇਸੇ ਲਈ ਗੁਰਬਾਣੀ ਅੰਮ੍ਰਿਤ ਵੇਲੇ ਦੀ ਸੰਭਾਲ ਉਤੇ ਬਹੁਤ ਜ਼ੋਰ ਦਿੰਦੀ ਹੈ :

**ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ ॥** (ਜਪੁਜੀ ਸਾਹਿਬ)
**ਝਾਲਾਘੇ ਉਠਿ ਨਾਮੁ ਜਪਿ ਨਿਸਿ ਬਾਸੁਰ ਆਰਾਧਿ ॥**
**ਕਾਰ੍ਹਾ ਤੁਝੈ ਨ ਬਿਆਪਈ ਨਾਨਕ ਮਿਟੈ ਉਪਾਧਿ ॥੧॥** (ਅੰਗ-੨੫੫)

ਅੰਮ੍ਰਿਤ ਵੇਲੇ ਉਠ ਕੇ ਅਕਾਲ ਪੁਰਖ ਦਾ ਨਾਮ ਜਪੋ ਅਤੇ ਦਿਨ ਰਾਤ ਭਾਵ ਹਰ ਵੇਲੇ ਉਸ ਨੂੰ ਯਾਦ ਕਰੋ। ਇਸ ਤਰ੍ਹਾਂ ਕਰਨ ਨਾਲ ਕੋਈ ਚਿੰਤਾ/ਫਿਕਰ ਮਨੁੱਖ ਉੱਤੇ ਜ਼ੋਰ ਨਹੀਂ ਪਾ ਸਕਣਗੇ ਅਤੇ ਸਭ ਝਗੜੇ, ਕਲੇਸ਼ ਖਤਮ ਹੋ ਜਾਣਗੇ।

ਜਦੋਂ ਪਹੁ-ਫੁਟਾਲਾ ਹੁੰਦਾ ਹੈ ਭਾਵ ਰਾਤ ਦਾ ਹਨੇਰਾ ਘਟਣ ਲੱਗਦਾ ਹੈ ਅਤੇ ਸੂਰਜ ਦੀ

ਮਧਮ ਜਿਹੀ ਰੋਸ਼ਨੀ ਮਹਿਸੂਸ ਹੋਣ ਲੱਗਦੀ ਹੈ, ਚਿੜੀਆਂ ਦੀ ਆਪਣੇ ਆਲ੍ਹਣਿਆਂ ਤੇ ਰੁੱਖਾਂ ਉੱਤੇ ਹਿਲ-ਜੁਲ ਸ਼ੁਰੂ ਹੋ ਜਾਂਦੀ ਹੈ ਅਤੇ ਕਦੀ ਕਦਾਈਂ ਧੀਮੀ ਜਿਹੀ ਚੂੰ-ਚੂੰ ਦੀ ਆਵਾਜ਼, ਪ੍ਰਭੂ ਦੇ ਪਿਆਰਿਆਂ/ਗੁਰਮੁਖਾਂ ਦੁਆਰਾ ਸਿਮਰਨ ਕਰਨ ਦੀਆਂ ਉਠਦੀਆਂ ਤਰੰਗਾਂ, ਉਸ ਸਮੇਂ ਜੋ ਵਾਤਾਵਰਨ ਬਣਦਾ ਹੈ, ਉਹ ਵੇਲਾ ਪ੍ਰਭੂ ਦੀ ਸਿਫਤ ਸਲਾਹ ਕਰਨ ਦਾ, ਪ੍ਰਭੂ ਦੇ ਚਰਨਾਂ ਵਿੱਚ ਜੁੜਨ ਦਾ ਇੱਕ ਅਦਭੁਤ ਅਤੇ ਅਨੁਕੂਲ ਸਮਾਂ ਹੁੰਦਾ ਹੈ। ਇਸ ਅਤਿ-ਅੰਤ ਸੁਹਾਵਣੇ ਵੇਲੇ ਪ੍ਰਭੂ ਦੇ ਨਾਮ ਵਿੱਚ ਰੰਗੇ ਹੋਏ ਪ੍ਰਭੂ ਦੇ ਪਿਆਰੇ/ਸੰਤ ਪ੍ਰਭੂ ਦੇ ਅਸਚਰਜ ਕਰਨ ਵਾਲੇ ਕੌਤਕਾਂ ਵਿੱਚ ਡੁੱਬੇ ਹੁੰਦੇ ਹਨ :

**ਚਿੜੀ ਚੁਹਕੀ ਪਹੁ ਫੁਟੀ ਵਗਨਿ ਬਹੁਤੁ ਤਰੰਗ ॥**
**ਅਚਰਜ ਰੂਪ ਸੰਤਨ ਰਚੇ ਨਾਨਕ ਨਾਮਹਿ ਰੰਗ ॥੧॥** (ਅੰਗ-੩੧)

ਸੋਢੀ ਸੁਲਤਾਨ ਸ੍ਰੀ ਗੁਰੂ ਰਾਮਦਾਸ ਜੀ 'ਗਉੜੀ ਕੀ ਵਾਰ' ਵਿੱਚ ਸਿੱਖ ਦੀ ਰਹਿਣੀ ਬਹਿਣੀ ਦਾ ਬਿਆਨ ਕਰਦੇ ਹੋਏ ਲਿਖਦੇ ਹਨ ਕਿ ਜਿਹੜਾ ਮਨੁੱਖ ਸਤਿਗੁਰੂ ਦਾ ਸਿੱਖ ਅਖਵਾਉਂਦਾ ਹੈ ਉਹ ਹਰ ਰੋਜ਼ ਅੰਮ੍ਰਿਤ ਵੇਲੇ ਉਠ ਕੇ ਹਰਿ-ਨਾਮ ਦਾ ਸਿਮਰਨ ਕਰਦਾ ਹੈ, ਹਰ ਰੋਜ਼ ਸਵੇਰੇ ਉਦਮ ਕਰਦਾ ਹੈ, ਇਸ਼ਨਾਨ ਕਰਕੇ ਨਾਮ ਰੂਪ ਅੰਮ੍ਰਿਤ ਦੇ ਸਰੋਵਰ ਵਿੱਚ ਟੁੱਭੀਆਂ ਲਾਉਂਦਾ ਹੈ, ਸਤਿਗੁਰੂ ਦੇ ਉਪਦੇਸ਼ ਰਾਹੀਂ ਪ੍ਰਭੂ ਦੇ ਨਾਮ ਦਾ ਜਾਪ ਕਰਦਾ ਹੈ। ਇਸ ਤਰ੍ਹਾਂ ਕਰਨ ਨਾਲ ਉਸ ਸਿੱਖ ਦੇ ਸਾਰੇ ਪਾਪ-ਵਿਕਾਰ ਲਹਿ ਜਾਂਦੇ ਹਨ। ਫਿਰ ਦਿਨ ਚੜ੍ਹੇ ਸਤਿਗੁਰੂ ਦੀ ਬਾਣੀ ਦਾ ਕੀਰਤਨ ਕਰਦਾ ਹੈ ਅਤੇ ਬਹਿੰਦਿਆਂ ਉੱਠਦਿਆਂ ਭਾਵ ਹਰ ਸਮੇਂ ਪ੍ਰਭੂ ਦਾ ਨਾਮ ਸਿਮਰਦਾ ਹੈ। ਜਿਹੜਾ ਸਿੱਖ ਪ੍ਰਭੂ ਨੂੰ ਸੁਆਸ-ਸੁਆਸ ਧਿਆਉਂਦਾ ਹੈ, ਉਹ ਸਿੱਖ ਸਤਿਗੁਰੂ ਦੇ ਮਨ ਨੂੰ ਚੰਗਾ ਲੱਗਦਾ ਹੈ। ਜਿਸ ਤੇ ਪਿਆਰਾ ਪ੍ਰਭੂ ਦਿਆਲ ਹੁੰਦਾ ਹੈ, ਉਸ ਗੁਰਸਿੱਖ ਨੂੰ ਸਤਿਗੁਰੂ ਉਪਦੇਸ਼ ਦੇਂਦਾ ਹੈ। ਸਤਿਗੁਰੂ ਜੀ ਉਸ ਗੁਰਸਿੱਖ ਦੀ ਚਰਨ-ਧੂੜ ਮੰਗਦੇ ਹਨ ਜੋ ਆਪ ਨਾਮ ਜਪਦਾ ਹੈ ਅਤੇ ਹੋਰਨਾਂ ਨੂੰ ਜਪਾਉਂਦਾ ਹੈ :

**ਮਃ ੪ ॥ ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥ ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ ॥**
**ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ॥**
**ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ ਬਹਦਿਆ ਉਠਦਿਆ ਹਰਿ ਨਾਮੁ ਧਿਆਵੈ ॥**
**ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ ਸੋ ਗੁਰਸਿਖੁ ਗੁਰੂ ਮਨਿ ਭਾਵੈ ॥**
**ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ ॥**
**ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥੨॥** (ਅੰਗ-੩੦੫)

ਸਤਿਗੁਰੂ ਜੀ ਦੇ ਉਪ੍ਰੋਕਤ ਉਪਦੇਸ਼ ਨੂੰ ਸਿੱਖ ਪੰਥ ਦੇ ਵੇਦ-ਬਿਆਸ ਭਾਈ ਸਾਹਿਬ

ਭਾਈ ਗੁਰਦਾਸ ਜੀ ਦ੍ਰਿੜ੍ਹ ਕਰਵਾਉਂਦੇ ਹੋਏ ਲਿਖਦੇ ਹਨ ਕਿ ਗੁਰੂ ਦਾ ਸਿੱਖ ਹਰ ਰੋਜ਼ ਸਵੇਰੇ ਉੱਠ ਕੇ ਸਰੋਵਰ ਤੇ ਇਸ਼ਨਾਨ ਕਰਦਾ ਹੈ। ਫਿਰ ਉਹ ਗੁਰੂ ਦੇ ਬਚਨ (ਗੁਰਬਾਣੀ) ਪੜ੍ਹ ਕੇ ਧਰਮਸ਼ਾਲ (ਗੁਰਦੁਆਰੇ) ਜਾਣ ਦਾ ਉੱਦਮ ਕਰਦਾ ਹੈ, ਸਾਧ ਸੰਗਤ ਵਿੱਚ ਜਾ ਕੇ ਉਹ ਗੁਰਬਾਣੀ ਤੇ ਕੀਰਤਨ ਬੜੇ ਪ੍ਰੇਮ ਨਾਲ ਸੁਣਦਾ ਹੈ। ਮਨ ਦੇ ਸਾਰੇ ਸੰਸੇ ਨਵਿਰਤ ਕਰਕੇ ਉਹ ਗੁਰਸਿੱਖਾਂ ਦੀ ਸੇਵਾ ਕਰਦਾ ਹੈ। ਧਰਮ ਦੀ ਕਮਾਈ ਕਰਕੇ ਉਹ ਆਪਣੀ ਉਪਜੀਵਕਾ ਤੋਰਦਾ ਹੈ ਅਤੇ ਉਸ ਕਮਾਈ ਵਿਚੋਂ ਕੜਾਹ ਪ੍ਰਸ਼ਾਦ ਲਿਆ ਕੇ ਸਾਧ ਸੰਗਤ ਵਿੱਚ ਵਰਤਾਉਂਦਾ ਹੈ। ਪਹਿਲਾਂ ਉਹ ਕੜਾਹ ਪ੍ਰਸ਼ਾਦ ਗੁਰਸਿੱਖਾਂ ਨੂੰ ਦਿੰਦਾ ਹੈ ਤੇ ਪਿਛੋਂ ਜੋ ਬਚ ਜਾਵੇ ਉਹ ਆਪ ਖਾਂਦਾ ਹੈ। ਕਲਿਜੁਗ ਵਿੱਚ ਇਸ ਤਰ੍ਹਾਂ ਦੀ ਕਿਰਿਆ ਕਰਦਾ ਹੋਇਆ ਗੁਰ-ਚੇਲਾ ਗੁਰੂ ਰੂਪ ਹੋ ਜਾਂਦਾ ਹੈ। ਇਸ ਪ੍ਰਕਾਰ ਗੁਰਮੁਖ ਗੁਰੂ ਦੇ ਚਲਾਏ ਹੋਏ ਗਾਡੀ ਰਾਹ ਤੇ ਚਲਦਾ ਹੈ :

ਗੁਰਸਿਖ ਭਲਕੇ ਉਠ ਕਰਿ ਅੰਮ੍ਰਿਤ ਵੇਲੇ ਸਰੁ ਨ੍ਹਾਵੰਦਾ।
ਗੁਰੁ ਕੈ ਬਚਨ ਉਚਾਰਿ ਕੈ ਧਰਮਸਾਲ ਦੀ ਸੁਰਤਿ ਕਰੰਦਾ।
ਸਾਧਸੰਗਤਿ ਵਿਚਿ ਜਾਇ ਕੈ ਗੁਰਬਾਣੀ ਦੇ ਪ੍ਰੀਤਿ ਸੁਣੰਦਾ।
ਸੰਕਾ ਮਨਹੁਂ ਮਿਟਾਇ ਕੈ ਗੁਰੁ ਸਿਖਾਂ ਦੀ ਸੇਵ ਕਰੰਦਾ।
ਕਿਰਤ ਵਿਰਤ ਕਰਿ ਧਰਮੁ ਦੀ ਲੈ ਪਰਸਾਦ ਆਣਿ ਵਰਤੰਦਾ।
ਗੁਰਸਿਖਾਂ ਨੋ ਦੇਇ ਕਰਿ ਪਿਛੋਂ ਬਚਿਆ ਆਪੁ ਖਵੰਦਾ।
ਕਲੀ ਕਾਲ ਪਰਗਾਸ ਕਰਿ ਗੁਰੁ ਚੇਲਾ ਚੇਲਾ ਗੁਰੁ ਸੰਦਾ।
ਗੁਰਮੁਖ ਗਾਡੀ ਰਾਹੁ ਚਲੰਦਾ ।੧੧। (ਵਾਰ ੪੦, ਪਉੜੀ ੧੧)

ਭਾਈ ਗੁਰਦਾਸ ਜੀ ਉਨ੍ਹਾਂ ਗੁਰਸਿੱਖਾਂ ਤੋਂ ਕੁਰਬਾਨ ਜਾਂਦੇ ਹਨ, ਜਿਹੜੇ ਤੜਕੇ ਅੰਮ੍ਰਿਤ ਵੇਲੇ ਤਾਰਿਆਂ ਦੀ ਲੋਅ ਵਿੱਚ ਜਾਗ ਪੈਂਦੇ ਹਨ, ਜਿਹੜੇ ਅੰਮ੍ਰਿਤ ਵੇਲੇ ਸਰੋਵਰ ਜਾਂ ਨਦੀ ਵਿੱਚ ਇਸ਼ਨਾਨ ਕਰਦੇ ਹਨ, ਫਿਰ ਇੱਕ ਮਨ ਇੱਕ ਚਿੱਤ ਹੋ ਕੇ ਗੁਰੂ ਦਾ ਜਪੁ-ਜਾਪ ਕਰਦੇ ਹਨ, ਉਪਰੰਤ ਘਰੋਂ ਚਲ ਕੇ ਸਾਧ ਸੰਗਤ ਵਿੱਚ ਜੁੜ ਕੇ ਗੁਰਬਾਣੀ ਅਤੇ ਕੀਰਤਨ ਹਰ ਰੋਜ਼ ਗਾਉਂਦੇ ਅਤੇ ਸੁਣਦੇ ਹਨ। ਜੋ ਮਨ ਦੇ ਮੇਲੀ ਨਾਲ ਮੇਲ ਕਰਦੇ ਹਨ ਅਤੇ ਪ੍ਰੇਮਾ ਭਗਤੀ ਦੇ ਰੰਗ ਵਿੱਚ ਗੁਰਪੁਰਬ ਮਨਾਉਂਦੇ ਹਨ। ਇਸ ਤਰ੍ਹਾਂ ਦੇ ਸਿੱਖ ਗੁਰੂ ਸੇਵਾ ਦੇ ਫਲ ਨਾਲ ਸਫਲੇ ਹੋ ਕੇ ਫਲਦੇ ਫੁਲਦੇ ਹਨ :

ਕੁਰਬਾਣੀ ਤਿਨ੍ਹਾਂ ਗੁਰਸਿਖਾਂ ਪਿਛਲ ਰਾਤੀ ਉਠਿ ਬਹੰਦੇ।
ਕੁਰਬਾਣੀ ਤਿਨ੍ਹਾਂ ਗੁਰਸਿਖਾਂ ਅੰਮ੍ਰਿਤੁ ਵੇਲੈ ਸਰਿ ਨਾਵੰਦੇ।
ਕੁਰਬਾਣੀ ਤਿਨ੍ਹਾਂ ਗੁਰਸਿੱਖਾਂ ਹੋਇ ਇਕ ਮਨਿ ਗੁਰ ਜਾਪੁ ਜਪੰਦੇ।
ਕੁਰਬਾਣੀ ਤਿਨ੍ਹਾਂ ਗੁਰਸਿਖਾਂ ਸਾਧਸੰਗਤਿ ਚਲਿ ਜਾਇ ਜੁੜੰਦੇ।

ਕੁਰਬਾਣੀ ਤਿਨ੍ਹਾਂ ਗੁਰਸਿਖਾਂ ਗੁਰਬਾਣੀ ਨਿਤਿ ਗਾਇ ਸੁਣੰਦੇ।
ਕੁਰਬਾਣੀ ਤਿਨ੍ਹਾਂ ਗੁਰਸਿਖਾਂ ਮਨਿ ਮੇਲੀ ਕਰਿ ਮੇਲਿ ਮਿਲੰਦੇ।
ਕੁਰਬਾਣੀ ਤਿਨ੍ਹਾਂ ਗੁਰਸਿਖਾਂ ਭਾਇ ਭਗਤਿ ਗੁਰਪੁਰਬ ਕਰੰਦੇ।
ਗੁਰ ਸੇਵਾ ਫਲੁ ਸਫਲ ਫਲੰਦੇ ।੧। (ਵਾਰ ੧੨, ਪਉੜੀ ੨)

ਇਸ ਪ੍ਰਕਾਰ ਅੰਮ੍ਰਿਤ ਵੇਲੇ ਦਾ ਮਹਾਤਮ ਬਹੁਤ ਹੀ ਜ਼ਿਆਦਾ ਮੰਨਿਆ ਗਿਆ ਹੈ। ਪ੍ਰਭੂ ਦੇ ਭਗਤਾਂ ਨੇ ਵੱਤਰ ਦੇ ਵੇਲੇ (ਨਾਮ ਬੀਜ਼ ਬੋਣ ਦਾ ਸਹੀ ਸਮਾਂ), ਭਾਵ ਅੰਮ੍ਰਿਤ ਵੇਲੇ ਉਠ ਕੇ ਹਰਿ ਨਾਮ ਧਨ ਜਿਹੜਾ ਰਤਨ, ਜਵਾਹਰ, ਮੋਤੀ ਵਰਗਾ ਵਡਮੁੱਲਾ ਹੈ, ਨਾਲ ਸੁਰਤਿ ਜੋੜੀ ਹੁੰਦੀ ਹੈ। ਵੱਤਰ ਦੇ ਵੇਲੇ ਬੀਜੇ ਹੋਏ ਹਰਿ ਨਾਮ ਧਨ ਨਾਲ ਭਗਤਾਂ ਦੇ ਭੰਡਾਰੇ ਨੱਕੋ-ਨੱਕ ਭਰ ਜਾਂਦੇ ਹਨ ਅਤੇ ਭਗਤ ਜਨ ਇਹ ਨਾਮ ਧਨ ਆਪ ਵਰਤਦੇ ਹਨ, ਹੋਰਨਾਂ ਨੂੰ ਖੁੱਲ੍ਹੇ ਗੱਫੇ ਵੰਡਦੇ ਰਹਿੰਦੇ ਹਨ ਪਰ ਇਹ ਹਰਿ ਧਨ ਕਦੀ ਮੁੱਕਦਾ ਨਹੀਂ। ਇਸ ਹਰਿ ਨਾਮ ਧੰਨ ਦੀ ਬਦੌਲਤ ਭਗਤ ਜਨਾਂ ਨੂੰ ਇਸ ਲੋਕ ਵਿੱਚ ਅਤੇ ਪ੍ਰਲੋਕ ਵਿੱਚ ਇੱਜ਼ਤ ਅਤੇ ਮਾਣ ਮਿਲਦਾ ਹੈ :

**ਹਰਿ ਧਨੁ ਰਤਨੁ ਜਵੇਹਰੁ ਮਾਣਕੁ ਹਰਿ ਧਨੈ ਨਾਲਿ ਅੰਮ੍ਰਿਤ ਵੇਲੈ ਵਤੈ ਹਰਿ ਭਗਤੀ ਹਰਿ ਲਿਵ ਲਾਈ ॥ ਹਰਿ ਧਨੁ ਅੰਮ੍ਰਿਤ ਵੇਲੈ ਵਤੈ ਕਾ ਬੀਜਿਆ ਭਗਤ ਖਾਇ ਖਰਚਿ ਰਹੇ ਨਿਖੁਟੈ ਨਾਹੀ ॥ ਹਲਤਿ ਪਲਤਿ ਹਰਿ ਧਨੈ ਕੀ ਭਗਤਾ ਕਉ ਮਿਲੀ ਵਡਿਆਈ ॥੩॥** (ਅੰਗ-੭੩੪)

ਅੰਮ੍ਰਿਤ ਵੇਲੇ ਦੀ ਮਹੱਤਤਾ ਨੂੰ ਦਰਸਾਉਂਦੇ ਹੋਏ ਬਾਬਾ ਸ਼ੇਖ ਫਰੀਦ ਸਾਹਿਬ ਫਰਮਾਉਂਦੇ ਹਨ ਕਿ ਰਾਤ ਨੂੰ ਭਾਵ ਅੰਮ੍ਰਿਤ ਵੇਲੇ ਦੀ ਇਕਾਂਤ ਵਿੱਚ ਕਸਤੂਰੀ (ਰੱਬ ਦੀਆਂ ਰਹਿਮਤਾਂ, ਬਖਸ਼ਿਸ਼ਾਂ) ਵੰਡੀਦੀ ਹੈ। ਕੇਵਲ ਅੰਮ੍ਰਿਤ ਵੇਲੇ ਜਾਗਣ ਵਾਲੇ ਮਨੁੱਖ ਇਨ੍ਹਾਂ ਰਹਿਮਤਾਂ ਅਤੇ ਬਖਸ਼ਿਸ਼ਾਂ ਨੂੰ ਪ੍ਰਾਪਤ ਕਰਨ ਦੇ ਅਧਿਕਾਰੀ ਬਣਦੇ ਹਨ। ਜਿਹੜੇ ਸੁੱਤੇ ਰਹਿੰਦੇ ਹਨ ਉਨ੍ਹਾਂ ਨੂੰ ਇਸ ਵਿਚੋਂ ਹਿੱਸਾ ਨਹੀਂ ਮਿਲਦਾ। ਜਿਨ੍ਹਾਂ ਦੀਆਂ ਅੱਖਾਂ ਸਾਰੀ ਰਾਤ ਨੀਂਦ ਵਿੱਚ ਘੁਟੀਆਂ ਰਹਿਣ ਉਨ੍ਹਾਂ ਨੂੰ ਨਾਮ ਦੀ ਕਸਤੂਰੀ ਦੀ ਪ੍ਰਾਪਤੀ ਕਿਵੇਂ ਹੋਵੇਗੀ ?

**ਫਰੀਦਾ ਰਾਤਿ ਕਥੂਰੀ ਵੰਡੀਐ ਸੁਤਿਆ ਮਿਲੈ ਨ ਭਾਉ ॥**
**ਜਿੰਨ੍ਹਾ ਨੈਣ ਨੀਂਦ੍ਰਾਵਲੇ ਤਿੰਨ੍ਹਾ ਮਿਲਣੁ ਕੁਆਉ ॥੮੦॥** (ਅੰਗ-੧੩੮੨)

ਰਾਤ ਦੇ ਪਹਿਲੇ ਪਹਿਰ (ਸ਼ਾਮੀਂ ੬ ਵਜੇ ਤੋਂ ਰਾਤ ੯ ਵਜੇ ਤੱਕ) ਅਕਾਲ ਪੁਰਖ ਦੀ ਭਜਨ ਬੰਦਗੀ ਵਿੱਚ ਜੁੜਨ ਨਾਲ ਪ੍ਰਭੂ ਪ੍ਰੇਮ ਰੂਪੀ ਰੁੱਖ ਨੂੰ ਭਜਨ ਬੰਦਗੀ ਦੇ ਸੋਹਣੇ ਜਿਹੇ ਫੁੱਲ ਪੁੰਗਰ ਪੈਂਦੇ ਹਨ। ਅੰਮ੍ਰਿਤ ਵੇਲੇ ਤਕ ਇਹ ਫਲ ਦਾ ਰੂਪ ਧਾਰਨ ਕਰ ਲੈਂਦੇ ਹਨ। ਜਿਹੜੇ ਬੰਦੇ ਅੰਮ੍ਰਿਤ ਵੇਲੇ ਉੱਠ ਕੇ ਪ੍ਰਭੂ ਭਗਤੀ ਵਿੱਚ ਜੁੜਦੇ ਹਨ ਉਨ੍ਹਾਂ ਨੂੰ ਪ੍ਰਮਾਤਮਾ ਪਾਸੋਂ

ਬਖਸ਼ਿਸ਼ ਅਤੇ ਰਹਿਮਤਾਂ ਦਾ ਇਹ ਇਲਾਹੀ ਫਲ ਪ੍ਰਾਪਤ ਹੁੰਦਾ ਹੈ ਅਤੇ ਉਹ ਸਦੀਵੀ ਸੁੱਖ ਅਤੇ ਆਤਮਿਕ ਅਨੰਦ ਮਾਣਦੇ ਹਨ। ਜਿਹੜੇ ਆਭਾਗੇ ਅੰਮ੍ਰਿਤ ਵੇਲੇ ਲੰਬੀ ਤਾਣ ਕੇ ਸੁੱਤੇ ਰਹਿੰਦੇ ਹਨ ਉਹ ਇਸ ਫਲ ਤੋਂ ਵਾਂਝੇ ਰਹਿ ਜਾਂਦੇ ਹਨ ਅਤੇ ਦੁੱਖ, ਕਲੇਸ਼ ਤੇ ਝੋਰੇ ਉਨ੍ਹਾਂ ਨੂੰ ਸਾਰੀ ਉਮਰ ਘੇਰੀ ਰੱਖਦੇ ਹਨ :

**ਪਹਿਲੈ ਪਹਰੈ ਫੁਲੜਾ ਫਲੁ ਭੀ ਪਛਾ ਰਾਤਿ ॥**
**ਜੋ ਜਾਗੰਨ੍ਹਿ ਲਹੰਨਿ ਸੇ ਸਾਈ ਕੰਨੋ ਦਾਤਿ ॥੧੧੨॥** (ਅੰਗ-੧੩੮੪)

ਜਿਹੜੇ ਗੁਰਮੁਖ ਅਮ੍ਰਿਤ ਵੇਲੇ ਉਠ ਕੇ ਗੁਰ-ਸ਼ਬਦ ਵਿੱਚ ਜੁੜ ਕੇ ਅਕਾਲ ਪੁਰਖ ਦਾ ਨਾਮ ਸਿਮਰਦੇ ਹਨ ਅਤੇ ਦੁਨੀਆਂ ਦੀ ਤੇ ਮਾਇਆ ਦੀ ਪ੍ਰੀਤ ਨੂੰ ਤਿਆਗ ਦੇਂਦੇ ਹਨ ਉਹ ਜੀਵਨ ਦੀ ਬਾਜ਼ੀ ਜਿੱਤ ਕੇ ਸੰਸਾਰ ਤੋਂ ਜਾਂਦੇ ਹਨ :

**ਨਾਉ ਪ੍ਰਭਾਤੈ ਸਬਦਿ ਧਿਆਈਐ ਛੋਡਹੁ ਦੁਨੀ ਪਰੀਤਾ ॥**
**ਪ੍ਰਣਵਤਿ ਨਾਨਕ ਦਾਸਨਿ ਦਾਸਾ ਜਗਿ ਹਾਰਿਆ ਤਿਨਿ ਜੀਤਾ ॥੪॥** (ਅੰਗ-੧੩੩੦)

-o-o-o-

# ਕੌਡਾ-ਰਾਕਸ਼

ਗੁਰੂ ਨਾਨਕ ਵੈਦ ਸੀ ਸਭਨਾ ਰੋਗੀਆਂ ਦਾ, ਬਿਨਾ ਨਬਜ਼ ਦੇਖੇ ਉਹ ਰੋਗ ਪਛਾਣਦਾ ਸੀ ।
ਭਾਵੇਂ ਕਿੰਨਾਂ ਕੋਈ ਬਾਹਰੋਂ ਸੱਜਣ ਦਿਸੇ, ਉਹ ਅੰਦਰ ਦੀ ਠੱਗੀ ਨੂੰ ਉਹ ਜਾਣਦਾ ਸੀ ।
ਤੇਰੀ ਖੋਟੀ ਕਮਾਈ ਏ ਸੁਣ ਬੰਦਿਆ, ਲਹੂ ਪੂੜੀਆਂ ਵਿਚੋਂ ਨੁਚੜਾਇਆ ਸੀ ।
ਬੰਦੇ-ਖਾਣੇ ਸੀ ਬੰਦੇ ਬਣਾ ਦਿੱਤੇ, ਸਤਿਨਾਮ ਦਾ ਸ਼ਬਦ ਜਦੋਂ ਅਹਲਾਇਆ ਸੀ ।
ਉਸ ਦੀ ਨਜ਼ਰ ਐਸੀ ਪਾਰਖੂ ਸੀ, ਪਾਪ-ਪੁੰਨ ਨੂੰ ਉਸ ਨਿਸਤਾਰਿਆ ਸੀ ।
ਔਖਧ ਨਾਮ ਦਾ ਵੰਡ ਕੇ ਜੱਗ ਅੰਦਰ, ਪਾਪੀਆਂ ਤਾਈਂ ਵੀ ਉਸ ਨੇ ਤਾਰਿਆ ਸੀ ।

ਦੂਜੀ ਜਗਤ ਉਦਾਸੀ ਅੰਦਰ ਗੁਰੂ ਨਾਨਕ, ਰਾਜਪੂਤਾਨੇ 'ਚ ਫੇਰੀ ਪਾ ਰਹੇ ਸਨ ।
ਮਨੁੱਖੀ ਜੀਵਨ ਬੜਾ ਅਨਮੋਲ ਲੋਕੋ, ਕਈ ਐਵੇਂ ਹੀ ਉਸ ਨੂੰ ਗੁਆ ਰਹੇ ਸਨ ।
ਥਾਂ ਭੋਜਨ ਦੀ ਬੰਦਿਆਂ ਦਾ ਕਰ ਸ਼ਿਕਾਰ, ਆਪਣਾ ਪੇਟ ਪਏ ਉਹ ਭਰਦੇ ਸੀ ।
ਰਾਕਸ਼ਾਂ ਵਰਗੀ ਉਹਨਾ ਦੀ ਬਿਰਤੀ ਹੈਸੀ, ਰੱਬ ਕੋਲੋਂ ਨਾ ਉਹ ਕਦੀ ਡਰਦੇ ਸੀ ।
ਜੀਵਨ-ਜਾਂਚ ਨੂੰ ਉਹਨਾਂ ਨਾ ਜਾਣਿਆ ਸੀ,ਅਨਮੋਲ ਰਤਨ ਐਂਵੇ ਸਨ ਗੁਆਈ ਜਾਂਦੇ।
ਜੀਵਨ-ਲਕਸ਼ ਉਹ ਭੁੱਲ ਗਏ ਸਾਰੇ, ਭੁਲਿਆ ਰੱਬ, ਤੇ ਪਾਪ ਸਨ ਕਮਾਈ ਜਾਂਦੇ।

ਨਾਨਕ-ਪਾਤਸ਼ਾਹ ਜਗਤ-ਤਾਰਕ ਬਣ ਕੇ, ਉਸ ਪਾਸੇ ਵਲ ਫੇਰਾ ਪਾਇਆ ਸੀ ।
ਜੀਵਨ-ਜਾਂਚ ਤੋਂ ਖਿੜਕੇ ਬੰਦਿਆਂ ਨੂੰ, ਸਿਧੇ ਰਸਤੇ ਪਾਉਣ ਦਾ ਬੀੜਾ ਉਠਾਇਆ ਸੀ ।
ਪਹੁੰਚ ਉਸ ਥਾਂ ਜਿਥੇ ਸੁਧਾਰ ਦੀ ਲੋੜ ਹੈਸੀ, ਡੇਰਾ ਸਤਿਗੁਰਾਂ ਉਸ ਥਾਂ ਲਾਇਆ ਸੀ ।
ਗਲਤ ਰਾਹ ਦੇ ਪਾਂਧੀ ਜੋ ਬਣੇ ਹੈ ਸਨ, ਮਕਸਦ ਜਿੰਦਗੀ ਦਾ ਉਨ੍ਹਾਂ ਸਮਝਾਇਆ ਸੀ।
ਇਹ ਰਸਤਾਂ ਨਹੀਂ ਰੱਬ ਨੂੰ ਪਾਉਣ ਵਾਲਾ, ਜਿਸ ਨੂੰ ਤੁਸਾਂ ਅਪਣਾਇਆ ਏ ।
ਇਹ ਤੇ ਰੋਕ ਹੈ ਉਸ ਦੇ ਰਸਤੇ ਅੰਦਰ, ਇਸ ਤੇ ਚਲ ਕੇ ਨਾ ਕਿਸੇ ਪਾਇਆ ਏ ।

ਫ਼ੜ ਕੇ ਮਰਦਾਨੇ ਨੂੰ ਜਦੋਂ ਕੌਡਾ ਰਾਕਸ਼, ਉਬਲਦੇ ਤੇਲ ਕੜਾਹੇ 'ਚ ਪਾਉਣ ਲਗਾ ।
ਉਹਨੂੰ ਤਲ ਕੇ ਤਤੇ ਤੇਲ ਅੰਦਰ, ਆਪਣੇ ਖਾਣ ਲਈ ਅਹਾਰ ਬਣਾਉਣ ਲਗਾ ।
ਨਾਨਕ ਪਾਤਸ਼ਾਹ ਉਸ ਦੇ ਪਿਛੇ ਖਲੋ ਕੇ, ਸਤਿਕਰਤਾਰ ਸ਼ਬਦ ਉਚਾਰਿਆ ਸੀ ।
ਉਹਦੀ ਸੁਰਤ 'ਚ ਮਨੁੱਖੀ ਸੋਚ ਆਈ, ਪਿਛੇ ਮੁੜਕੇ ਝਾਤ ਉਸ ਮਾਰਿਆ ਸੀ ।
ਤਕ ਨੂਰੀ ਮੁਖੜਾ ਨਾਨਕ ਜੀ ਦਾ, ਉਹ ਸਭ ਕੁਝ ਕਰਣਾ ਭੁੱਲ ਗਿਆ ।
ਜਦੋਂ ਨਾਨਕ ਨੇ ਨੈਣਾਂ ਦੇ ਤੀਰ ਮਾਰੇ, ਉਹ ਦਾ ਹਿਰਦਾ-ਕਪਾਟ ਸੀ ਖੁੱਲ ਗਿਆ ।

ਕੌਡਾ ਰਾਕਸ਼ ਜਦੋਂ ਨਾਨਕ ਦੇ ਰੂ-ਬਰੂ ਹੋਇਆ, ਸਤਿਗੁਰ ਮੇਹਰ ਦੀ ਨਜ਼ਰ ਪਾਈ ਹੈਸੀ ।
ਉਹ ਦੀ ਰਾਕਸ਼-ਬਿਰਤੀ ਬਦਲ ਗਈ, ਸਮਝ ਮਨੁੱਖ ਵਾਲੀ ਉਸ ਨੂੰ ਆਈ ਹੈਸੀ ।
ਸਤਿਗੁਰ ਕਿਹਾ ਕੌਡਿਆ ਨਹੀਂ ਇਹ ਗੱਲ ਚੰਗੀ, ਬੰਦੇ ਮਾਰ ਕੇ ਤੁਸੀਂ ਖਾ ਰਹੇ ਹੋ ।
ਇਹ ਕੁਦਰਤ ਦੇ ਅਨਕੂਲ ਨਹੀਂ ਕੰਮ, ਇਹ ਮਨੁੱਖੀ-ਖੁਰਾਕ ਨਹੀਂ, ਜੋ ਖਾ ਰਹੇ ਹੋ।
ਹਰ ਮਨੁੱਖ ਰੱਬ ਦੀ ਕਿਰਤ ਹੈ ਜੇ, ਤੁਸੀਂ ਉਸ ਨੂੰ ਐਵੇਂ ਮਾਰ ਕੇ ਖਾਈ ਜਾਂਦੇ।
ਮਤਲਬ ਜਿੰਦਗੀ ਦਾ ਤੁਸਾਂ ਸਮਝਿਆ ਨਹੀਂ, ਤੁਸੀਂ ਕਾਦਰ ਦੀ ਕਿਰਤ ਮਟਾਈ ਜਾਂਦੇ।

ਚਰਣੀ ਨਾਨਕ ਦੀ ਡਿਗ ਕੇ ਕੌਡਾ ਰਾਕਸ਼, ਕਹਿੰਦਾ ਸਾਡੇ ਤੇ ਤੁਸੀਂ ਉਪਕਾਰ ਕਰੋ ।
ਇਹ ਰਸਤਾ ਅੱਜ ਤੋਂ ਛਡਿਆ ਅਸਾਂ, ਇਸ ਸੰਸਾਰ ਤੋਂ ਬੇੜਾ ਸਾਡਾ ਪਾਰ ਕਰੋ ।
ਬਾਬੇ ਆਖਿਆ ਸੁਣ ਤੂੰ ਗੱਲ ਕੌਡੇ, ਦਸਾਂ ਨਹੁੰਆਂ ਦੀ ਕਿਰਤ ਕਮਾਇਆ ਕਰੋ ।
ਸਭਨਾ ਵਿੱਚ ਜੋਤ ਕਰਤਾਰ ਦੀ ਏ, ਜੋ ਕਮਾਓ ਉਹ ਵੰਡ ਕੇ ਖਾਇਆ ਕਰੋ ।
ਇਸ ਤਰ੍ਹਾਂ ਤਾਰੇ ਬਾਬੇ ਨੇ ਕਈ ਰਾਕਸ਼, ਫਿਰਦੇ ਸੀ ਜੋ ਠੱਗਾਂ ਦੇ ਭੇਸ ਅੰਦਰ ।
ਦੁਖੀਆਂ ਦੇ ਦੁੱਖ ਨਿਵਾਰਣ ਲਈ 'ਸਚਦੇਵਾ', ਰਟਨ ਕੀਤਾ ਸੀ ਨਾਨਕ ਦੇਸ਼-ਵਿਦੇਸ਼ ਅੰਦਰ ।

**-ਸ.ਹਰਜਿੰਦਰ ਸਿੰਘ, ਸਚਦੇਵਾ, ਮੋ : 98769-34244**

# ਅਲਸੀ (Linseed)

-ਸ.ਸੁਰਿੰਦਰ ਸਿੰਘ, ਵੈਦਰਾਜ, ਮੋ : 9501017194

ਅਲਸੀ ਦੇ ਬਾਰੇ ਭਾਰਤ ਵਿੱਚ, ਖਾਸ ਕਰਕੇ ਪੰਜਾਬ ਵਿੱਚ ਹਰ ਪਰਿਵਾਰ ਜਾਣੂ ਹੈ। ਸਰਦੀ ਦੇ ਦਿਨਾਂ ਵਿੱਚ ਲੋਕ ਸਰੀਰ ਵਿੱਚ ਗਰਮੀ ਪੈਦਾ ਕਰਨ ਲਈ ਅਲਸੀ ਦੀਆਂ ਪਿੰਨੀਆਂ ਬਣਾ ਕੇ ਖਾਂਦੇ ਹਨ। ਅਲਸੀ ਦੀ ਖੇਤੀ ਭਾਰਤ ਦੇ ਸਾਰੇ ਸੂਬਿਆਂ ਵਿੱਚ ਖਾਸ ਕਰਕੇ ਬਿਹਾਰ,ਬੰਗਾਲ, ਆਂਧਰਾ ਪ੍ਰਦੇਸ਼ ਵਿੱਚ ਕੀਤੀ ਜਾਂਦੀ ਹੈ।

**ਜਾਣ ਪਹਿਚਾਣ :** ਇਸ ਦੇ ਪੌਦੇ ਦੀ ਉਚਾਈ ੨ ਤੋਂ ੪ ਫੁਟ, ਜੜ ਸਫੈਦ ਰੰਗ ੪ ਤੋਂ ੧੦ ਇੰਚ ਲੰਬੀ । ਪੱਤੇ ੧ ਤੋਂ ੩ ਇੰਚ ਲੰਬੇ, ਫੁੱਲ ਸੋਹਣੇ ਨੀਲੇ ਰੰਗ ਦੇ ਹੁੰਦੇ ਹਨ। ਇਸ ਪੌਦੇ ਦੀ ਅਹਿਮੀਅਤ ਇਸ ਤੋਂ ਪ੍ਰਾਪਤ ਹੋਣ ਵਾਲੇ ਬੀਜਾਂ ਦੇ ਕਾਰਣ ਹੈ। ਇਹ ਬੀਜ ਤੇਲ ਵਾਲੇ ਚਮਕਦਾਰ ਗੂੜੇ ਭੂਰੇ ਅਤੇ ਲਾਲ ਰੰਗ ਦੇ ਹੁੰਦੇ ਹਨ। ਇਨ੍ਹਾਂ ਦੀ ਖੁਸ਼ਬੂ ਚੰਗੀ ਨਹੀਂ ਹੁੰਦੀ। ਇਹ ਬੀਜ ਅਤੇ ਇਸ ਤੋਂ ਕੱਢਿਆ ਤੇਲ ਦਵਾਈਆਂ ਵਿੱਚ ਪ੍ਰਯੋਗ ਕੀਤਾ ਜਾਂਦਾ ਹੈ।ਇਸ ਤੇਲ ਬੀਜਾਂ ਨੂੰ ਗਰਮ ਕਰਨ ਤੋਂ ਬਿਨ੍ਹਾਂ ਕੋਹਲੂ ਵਿਚ ਪੀੜ ਕੇ ਕਢਿਆ ਜਾਂਦਾ ਹੈ। ਇਸ ਨੂੰ ਯੁਨਾਨੀ ਵਿੱਚ 'ਰੋਗਨ ਕਤਾਨ' ਜਾਂ ਅਲਸੀ ਦਾ ਤੇਲ ਕਹਿੰਦੇ ਹਨ। ਅਲਸੀ ਦੇ ਬੀਜਾਂ ਵਿੱਚ ਕਾਫੀ ਮਾਤਰਾ ਵਿੱਚ ਚਿਕਨਾਹਟ ਪਾਈ ਜਾਂਦੀ ਹੈ। ਇਨ੍ਹਾਂ ਨੂੰ ਠੰਢੇ ਪਾਣੀ ਵਿੱਚ ਭਿਉਣ ਨਾਲ ਜੈਲੀ ਦੀ ਤਰ੍ਹਾਂ ਬਣ ਜਾਂਦੇ ਹਨ।

**ਤਾਸੀਰ** : ਇਸ ਦੀ ਤਾਸੀਰ ਗਰਮ ਖੁਸ਼ਕ ਹੈ।

**ਲਾਭ :** ਅਲਸੀ ਸੋਜਨ ਨੂੰ ਦੂਰ ਕਰਨ ਵਾਲੀ, ਸਥਾਨਿਕ ਦਰਦ ਨੂੰ ਆਰਾਮ, ਬਲਗਮ ਬਾਹਰ ਕੱਢਣ ਵਾਲੀ, ਪਿੱਤ ਨਾਸ਼ਕ, ਖਾਣ ਵਿੱਚ ਕੌੜੀ, ਬਲਦਾਇਕ ਅਤੇ ਕਫਵਾਤ ਵਰਧਕ, ਸ਼ੁਗਰ ਨਾਸ਼ਕ, ਖੂੰਨ ਪਿਤ ਪ੍ਰਕੋਪ ਅਤੇ ਖਾਂਸੀ ਨੂੰ ਦੂਰ ਕਰਦੀ ਹੈ। ਅਲਸੀ ਦੇ ਬੀਜ ਚਿਕਨੇ ਬਲ ਵਿੱਚ ਵਾਅਦਾ, ਦਰਦ ਨਾਸ਼ਕ, ਪੇਸ਼ਾਬ ਲਿਆਉਣ, ਖਾਂਸੀ ਨੂੰ ਦੂਰ ਕਰਦੇ ਹਨ। ਤੇਲ ਦਸਤ ਪੈਦਾ ਕਰਦਾ ਹੈ ਅਤੇ ਜ਼ਖਮਾਂ ਨੂੰ ਜਲਦੀ ਭਰਦਾ ਹੈ। ਨਿਮੂਨੀਆ, ਫੇਫੜਿਆਂ ਦੀ ਸੋਜਨ, ਜੋੜਾਂ ਦੇ ਦਰਦ ਅਤੇ ਸੋਜਨ, ਜਿਗਰ ਦੀ ਸੋਜਸ ਅਤੇ ਖਰਾਸ਼, ਦੂਸਰੇ ਗਲੇ ਦੇ ਰੋਗਾਂ ਲਈ ਲਾਭਦਾਇਕ ਹੈ। ਜਖਮਾਂ ਨੂੰ ਖੁਸ਼ਕ ਕਰਨ ਵਾਸਤੇ ਵੀ ਪ੍ਰਯੋਗ ਕੀਤਾ ਜਾਂਦਾ ਹੈ।

**੧. ਜੋੜਾਂ ਦੇ ਦਰਦ :** ਅਲਸੀ ਦਾ ਕੋਸਾ ਗਰਮ ਲੇਪ ਜਾਂ ਇਸਦੇ ਤੇਲ ਦੀ ਜੋੜਾਂ ਤੇ ਮਾਲਿਸ਼ ਕਰਨ ਨਾਲ ਜੋੜਾਂ ਦਾ ਦਰਦ ਅਤੇ ਸੋਜਸ਼ ਨੂੰ ਆਰਾਮ ਮਿਲਦਾ ਹੈ।

**੨. ਗਲੇ ਦੇ ਰੋਗ** : ਅਲਸੀ ਨੂੰ ਪੀਸ ਕੇ ਪਾਊਡਰ ਬਣਾ ਲਓ। ਇਸ ਵਿਚੋਂ ੫ ਗ੍ਰਾਮ ਲੈ ਕੇ

੧੦ ਗ੍ਰਾਮ ਸ਼ਹਿਦ ਵਿੱਚ ਮਿਲਾ ਕੇ ਚਟਾਓ। ਗਲੇ ਦੇ ਰੋਗਾਂ ਵਿੱਚ ਲਾਭਦਾਇਕ ਹੈ।

**੩. ਛਾਤੀ ਦੇ ਰੋਗ :** ਅਲਸੀ ਦੇ ੧੦ ਗ੍ਰਾਮ ਬੀਜ ਲੈ ਕੇ ਪਾਣੀ ਵਿੱਚ ਉਬਾਲ ਕੇ ਛਾਣ ਲਓ ਅਤੇ ਰੋਗੀ ਨੂੰ ਪਿਲਾ ਦਿਓ। ਇਸ ਨਾਲ ਉਲਟੀ ਆ ਜਾਵੇਗੀ, ਬਲਗਮ ਨਿਕਲ ਜਾਵੇਗੀ। ਰੋਗੀ ਦੀ ਛਾਤੀ ਸਾਫ ਹੋ ਜਾਵੇਗੀ।

**੪. ਜ਼ਖਮਾਂ, ਫੌੜੇ, ਫੁਨਸੀਆਂ ਵਾਸਤੇ :** ਅਲਸੀ ਨੂੰ ਸਾੜ ਕੇ ਬਹੁਤ ਬਾਰੀਕ ਪੀਸ ਲਓ। ਇਸ ਪਾਊਡਰ ਨੂੰ ਫੌੜੇ ਫੁਨਸੀਆਂ ਉੱਤੇ ਛਿੜਕੋ, ਸੋਜਸ ਦਰਦ ਵਿੱਚ ਆਰਾਮ ਮਿਲ ਜਾਵੇਗਾ। ਜਖਮ ਠੀਕ ਹੋ ਜਾਵੇਗਾ। ਇਸ ਦੇ ਪ੍ਰਯੋਗ ਨਾਲ ਗਿਲਟੀਆਂ ਬੈਠ ਜਾਂਦੀਆਂ ਹਨ।

**੫. ਸੜੇ ਦਾ ਇਲਾਜ਼ :** ਅਲਸੀ ਦੇ ਤੇਲ ਅਤੇ ਚੂਨੇ ਦੇ ਪਾਣੀ ਨੂੰ ਬਰਾਬਰ ਵਜਨ ਵਿੱਚ ਮਿਲਾ ਕੇ ਮਰਹੱਮ ਬਣਾ ਲਓ। ਸੜੇ ਹੋਈ ਜਗ੍ਹਾਂ ਦੀ ਦਰਦ, ਜਲਨ ਅਤੇ ਸੋਜਸ ਨੂੰ ਇਹ ਮਰਹੱਮ ਫੌਰੀ ਆਰਾਮ ਦਿੰਦੀ ਹੈ। ਜ਼ਖਮ ਬਹੁਤ ਛੇਤੀ ਖੁਸ਼ਕ ਹੋ ਜਾਂਦਾ ਹੈ।

**੬. ਨੇਤ੍ਰ ਰੋਗ (Eye Diseases) :** ਅਲਸੀ ਦਾ ਤੇਲ+ਹਰਿੰਡ ਦਾ ਤੇਲ ਬਰਾਬਰ ਵਜ਼ਨ ਕਹਿੰ ਦੀ ਥਾਲੀ ਵਿੱਚ ਪਾ ਕੇ ਕਹਿੰ ਦੇ ਕੌਲ ਜਾਂ ਕਟੋਰੇ ਨਾਲ ਕਈ ਦਿਨ ਰਗੜ ਕੇ ਨੇਤ੍ਰ ਵਿੱਚ ਅੰਜਨ ਕਰੋ ਤੇ ਨੇਤ੍ਰ ਸਾਫ ਹੋਣ ਤੇ ਚੋਬ (Irritation) ਦਾ ਰੋਗ ਦੂਰ ਹੋ ਜਾਂਦਾ ਹੈ।

**੭. ਅਲਸੀ ਦੀ ਪੂਲਟਿਸ :** ਅਲਸੀ ਦਾ ਆਟਾ ਕਰਕੇ+ਮਿੱਠਾ ਤੇਲ+ਲੂਣ+ਗੁੜ+ ਥੋੜੀ ਹਲਦੀ ਵੀ ਪਾ ਕੇ ਕਾਰੜ ਕਰਕੇ ਕੜਾਹ ਵਰਗਾ ਹੋ ਜਾਵੇ ਤਾਂ ਗਰਮ ਗਰਮ ਫੋੜੇ ਹਰੇਕ ਗੰਢ, ਸੋਜ ਉਪਰ ਬੰਨਣ ਨਾਲ ਗਿਲਟੀ ਗੰਢ ਫੁਟ ਜਾਂਦੀ ਹੈ। ਪੰਜ ਸਤ ਵਾਰ ਲਗਾਉਣ ਨਾਲ ਗਾਂਠ ਛੇਤੀ ਹੀ ਚਲੀ ਜਾਂਦੀ ਹੈ।

**੮. ਮੂਤਰ ਵਿੱਚ ਜਲਨ :** ਮੂਤ੍ਰ ਵਿੱਚ ਜਲਨ ਹੋਣ ਤੇ ਅਲਸੀ ਦਾ ਫਾਂਟ ਪਿਲਾਉਣ ਤੇ ਜਲਨ ਦੂਰ ਹੋ ਜਾਂਦੀ ਹੈ। ਇਸ ਦਾ ਤਰੀਕਾ ਇਹ ਹੈ ਅਲਸੀ ੪੦ ਗ੍ਰਾਮ+ਪਾਣੀ ੧੬੦ ਗ੍ਰਾਮ ਪਾ ਕੇ ਕਾਹੜਾ ਕਰਕੇ ਛਾਣ ਲਓ। ਸਾਫ ਪਾਣੀ ਰਹਿ ਜਾਵੇ ਤਾਂ ਪਿਲਾ ਦਿਓ।

**੯. ਫੁਟਕਲ :** ਅਲਸੀ ਦੀ ਡਾਣੀ ਤੋੜਨ ਤੇ ਸਣ ਨਿਕਲਦਾ ਹੈ। ਇਸ ਦਾ ਮੰਜਾ ਬੁਣਿਆ ਜਾਂਦਾ ਹੈ। ਸਣ ਦੇ ਮੰਜੇ ਉਪਰ ਸੌਣ ਤੇ ਕਫ ਦੇ ਰੋਗ ਸਾਂਤ ਹੁੰਦੇ ਹਨ। ਅਲਸੀ ਦੇ ਦਰਖਤਾਂ ਦੇ ਰੇਸ਼ਿਆਂ ਦੇ ਕਪੜੇ ਤਿਆਰ ਕੀਤੇ ਜਾਂਦੇ ਹਨ। ਛਤਰੀ ਲੋਕ ਜੰਗ ਦੇ ਮੈਦਾਨ ਵਿੱਚ ਇਹ ਕਪੜੇ ਪਾਉਂਦੇ ਸਨ।

**ਨੋਟ** : ਦਵਾਈ ਬਣਾਉਣ ਵੇਲੇ ਅਤੇ ਪ੍ਰਯੋਗ ਕਰਨ ਵੇਲੇ ਸਥਾਨਿਕ ਵੈਦ ਜੀ ਸਲਾਹ ਜਰੂਰ ਲਓ।

-o-o-o-

# ਸੰਸਥਾ ਦੇ ਕਾਰਜਾਂ ਲਈ ਮੋਹਾਲੀ ਅਤੇ ਚੰਡੀਗੜ੍ਹ ਦੀ ਸੰਗਤ ਵਲੋਂ ਸਤੰਬਰ-2023 ਵਿੱਚ ਆਈ ਸਹਾਇਤਾ

**ਜਨਰਲ** : ਸ.ਹਰਭਜਨ ਸਿੰਘ ੧੦੦੦/-, ਸ.ਹਰੀ ਸਿੰਘ ੧੦੦੦/-, ਸ.ਤੇਜਪਾਲ ਸਿੰਘ ੫੦੦/-, ਸ.ਸਵਰਨ ਸਿੰਘ ੨੦੦੦/-, ਬੀਬੀ ਜਸਭਿੰਦਰ ਕੌਰ ੫੦੦੦/-, ਸ.ਕੁਲਦੀਪ ਸਿੰਘ ੧੫੦੦੦/-, ਸ.ਬਲਦੇਵ ਸਿੰਘ ੧੦੦੦/-, ਸ.ਬੰਤ ਸਿੰਘ ੫੦੦/-, ਸ.ਸੁਖਬੰਸ ਸਿੰਘ ੫੦੦/-, ਸ.ਸੁਰਜੀਤ ਸਿੰਘ ੫੦੦੦/-, ਸ.ਕਰਨੈਲ ਸਿੰਘ ੧੦੦੦/-, ਸ.ਬਲਵਿੰਦਰ ਸਿੰਘ ੧੦੦੦/-, ਗੁਪਤ ੨੧੦੦+੧੦੦/-, ਸ.ਗੁਲਜਾਰ ਸਿੰਘ ੧੦੦੦/-, ਸ.ਸੁਖਦੇਵ ਸਿੰਘ ੫੦੦/-, ਗੁਪਤ ੨੦੦/-, ਸ.ਹਰਪਾਲ ਸਿੰਘ ੨੦੦/-, ਸ.ਸੁਰਜੀਤ ਸਿੰਘ ੫੦੦/-, ਸ.ਹਰਿੰਦਰ ਸਿੰਘ ੩੫੦੦/-, ਸ.ਤੇਜਵੰਤ ਸਿੰਘ ੧੦੦੦/-, ਸ.ਪਰਮਜੀਤ ਸਿੰਘ ੧੫੦੦/-, ਗੁਪਤ ੧੦੦+੫੦+੧੦੦/-, ਸ. ਅਮੋਲਦੀਪ ਸਿੰਘ ੧੧੦੦/-, ਸ.ਪਰਮਜੀਤ ਸਿੰਘ ੨੦੦੦/-, ਸ.ਅੰਮ੍ਰਿਤਪਾਲ ਸਿੰਘ ੨੦੦੦/-, ਸ.ਬਲਦੇਵ ਸਿੰਘ ੫੦੦/-, ਸ.ਕਰਤਾਰ ਸਿੰਘ ੨੦੦/-, ਸ੍ਰੀ.ਓ.ਪੀ.ਧੀਮਾਨ ੫੦੦/-, ਸ.ਦਰਸ਼ਨ ਸਿੰਘ ੫੦੦/-, ਸ.ਰਣਜੋਧ ਸਿੰਘ ੧੧੦੦/-, ਸ.ਤੇਜ ਸਿੰਘ ੧੦੦੦/-, ਬੀਬੀ ਦਲਜੀਤ ਕੌਰ ੧੦੦੦/-, ਸ.ਹਰੀ ਸਿੰਘ ੧੦੦੦/-, ਸ.ਗੁਰਬਚਨ ਸਿੰਘ ੧੦੦੦/-, ਸ.ਹਰਦੀਪ ਸਿੰਘ ੨੦੦੦/-, ਸ.ਅਮਰੀਕ ਸਿੰਘ ੫੦੦/-, ਸ.ਗੁਰਦਿਆਲ ਸਿੰਘ ੨੦੦/-, **ਸ.ਬਲਦੇਵ ਸਿੰਘ ਫੇਜ ੩ਬੀ੧ ਰਾਹੀਂ** : ਸ.ਜਗਦੀਸ਼ ਕੌਰ ੧੦੦/-, ਸ.ਅਰਜਨ ਸਿੰਘ ੫੦੦/-, ਕਰਨਲ ਆਈ.ਐਸ.ਖਾਰਾ ੧੦੦/-, **ਸ.ਬਲਦੇਵ ਸਿੰਘ ਫੇਜ ੧੦ ਰਾਹੀਂ** : ਬੀਬੀ ਸਿੰਦਰਪਾਲ ਕੌਰ ੨੦੦/-, ਸ.ਅਵਤਾਰ ਸਿੰਘ ੧੦੦/-, ਬੀਬੀ ਜਗਦੀਸ ਕੌਰ ੫੦/-, ਡਾ.ਦਰਸ਼ਨਜੋਤ ਕੌਰ ੫੦/-, ਸ.ਨਛੱਤਰ ਸਿੰਘ ੧੦੦/-, **ਸ.ਬਰਿੰਦਰ ਸਿੰਘ ਸੈਕਟਰ ੧੧ ਰਾਹੀਂ** : ਸ.ਗੁਰਦਿਆਲ ਸਿੰਘ ੧੦੦/-, ਸ.ਤੇਜਪਾਲ ਸਿੰਘ ੧੦੦/-, ਸ.ਪ੍ਰਭਕਿਰਤਨ ਸਿੰਘ ੧੦੦/-, ਜਗਜੀਤ ਕੈਮੀਸਟ ੧੦੦/-, ਸ.ਅਮਰਜੀਤ ਸਿੰਘ ੧੦੦/-, ਸ.ਤਰਸੇਮ ਸਿੰਘ ੫੦/-, ਜਨਤਾ ਆਟਾ ਚੱਕੀ ੧੦੦/-, ਸ.ਇੰਦਰ ਸਿੰਘ ੧੦੦/-, ਕਰਨਲ ਕੇ.ਐਸ.ਸੈਣੀ ੧੦੦/-, ਸ.ਸੁਰਿੰਦਰਪਾਲ ਸਿੰਘ ੫੦/-, ਸ.ਸੁੱਚਾ ਸਿੰਘ ੫੦/-, ਸ.ਤੇਜਪਾਲ ਸਿੰਘ ੫੦/-, **ਸ.ਗੁਰਮੀਤ ਸਿੰਘ ਸੈਕਟਰ ੭੯ ਰਾਹੀਂ** : ਸ.ਗੁਰਮੀਤ ਸਿੰਘ ੧੦੦੦/-, ਸ.ਗੁਰਸ਼ਰਨ ਸਿੰਘ ੨੦੦੦/-, ਸ੍ਰੀ.ਐਨ.ਪੀ.ਸਿੰਘ ੫੦੦/- , ਸ.ਰੁਪਿੰਦਰ ਸਿੰਘ ੧੦੦/-, ਸ੍ਰੀ ਐਚ.ਐਸ.ਰੱਖੜਾ ੧੦੦/-, ਸ.ਹਰਵਿੰਦਰ ਸਿੰਘ ੫੦੦/-, **ਸ.ਅਵਤਾਰ ਸਿੰਘ ਸੈਕਟਰ ੩੭ ਰਾਹੀਂ** : ਸ.ਜਵਾਹਰ ਸਿੰਘ ੨੦੦/-, ਸ.ਹਰਕਿਰਤ ਸਿੰਘ ੫੦੦/-, ਸ.ਸਰਨਜੀਤ ਸਿੰਘ ੧੦੦/-, ਸ.ਜਸਬੀਰ ਸਿੰਘ ੨੦੦/-, ਸ.ਸੁਰਿੰਦਰ ਸਿੰਘ ੧੦੦/-, ਗੁਪਤ ੧੫੦੦/-, **ਸ.ਰਘਬੀਰ ਸਿੰਘ ਸੈਕਟਰ ੩੭-੩੮ ਰਾਹੀਂ** : ਸ.ਸਾਧੂ ਸਿੰਘ ੧੦੦/-, ਸ.ਸੋਹਨ ਸਿੰਘ ੨੦੦/-, ਸ.ਸੁਮੀਤ ਸਿੰਘ ੫੦੦/-, ਸ.ਐਮ.ਪੀ.ਸਿੰਘ ੧੦੦/-, ਸ੍ਰੀ.ਐਮ.ਐਸ.ਜੱਗੀ ੧੦੦/-, ਸ੍ਰੀ.ਪੀ.ਐਸ. ਮਦਾਨ ੭੦/-, ਸ.ਲਵਪ੍ਰੀਤ ਸਿੰਘ ੫੦/-, ਸ.ਸਬਦਮੀਤ ਸਿੰਘ ੫੦/-, ਸ.ਰਘਬੀਰ ਸਿੰਘ ੧੦੦੦/-, **ਸ.ਹਰਜਿੰਦਰ ਸਿੰਘ ਸੈਕਟਰ ੪੬ ਰਾਹੀਂ** : ਸ.ਲਖਵਿੰਦਰ ਸਿੰਘ ੧੦੦੦/-, ਬੀਬੀ ਦਲਜੀਤ ਕੌਰ ੫੦/-, ਸ਼ਰਮਾ ਪਰਿਵਾਰ ੧੦੦/-, ਗੁਲਾਟੀ ਪਰਿਵਾਰ ੧੦੦/-, ਸ.ਅਵਤਾਰ ਸਿੰਘ ੧੦੦/-, ਸ.ਹਰਜਿੰਦਰ ਸਿੰਘ ੫੦੦/-, **ਸ.ਮਨਜੀਤ ਸਿੰਘ ਮੋਹਾਲੀ ਰਾਹੀਂ** :ਗੁਪਤ ੧੦੦/-, ਸ.ਜਤਿੰਦਰ ਸਿੰਘ ੫੦੦/-, ਸ.ਕਰਮ ਸਿੰਘ ੫੦/-, ਸ.ਅਮਰਜੀਤ ਸਿੰਘ ੨੦੦/-, ਸ.ਰਾਜਵੰਤ ਸਿੰਘ ੨੦੦/-, ਬੀਬੀ ਸੁਰਜੀਤ ਕੌਰ ੧੦੦/-, ਸ.ਹਾਕਮ ਸਿੰਘ ੨੦੦/-, ਸ.ਜਗੀਰ ਸਿੰਘ ੧੦੦/-, ਸ.ਜਗਜੀਤ ਸਿੰਘ ੧੦੦/-, ਸ.ਚਰਨਜੀਤ ਸਿੰਘ ੧੦੦/-, ਸ੍ਰੀ.ਜੀ.ਐਸ.ਭੱਲਾ ੧੦੦੦/-, ਸ.ਜਗਜੀਤ ਸਿੰਘ ੧੦੦/-, ਬੀਬੀ ਇੰਦਰਜੀਤ ਸਿੰਘ ੨੦੦/-, ਬੀਬੀ ਪਰਮਜੀਤ ਕੌਰ ੧੦੦/-, ਸ.ਗੁਰਬਚਨ ਸਿੰਘ ੨੦੦/-, ਸ.ਬਲਵਿੰਦਰ ਸਿੰਘ ੨੫੦/-, ਬੀਬੀ ਹਰਿੰਦਰ ਕੌਰ ੧੦੦/-, ਸ.ਅੰਮ੍ਰਿਤਪਾਲ ਸਿੰਘ ੫੦੦/-, ਸ.ਰਣਜੀਤ ਸਿੰਘ ੨੦੦/-, ਸ.ਗੁਰਨਾਮ ਸਿੰਘ ੪੦/-, ਸ.ਮੋਹਨ ਸਿੰਘ ੫੦/-, ਸ.ਜਗਜੀਤ ਸਿੰਘ ੫੦੦/-, ਸ.ਹਰਸਿਮਰਣ ਕੌਰ ੨੦੦/-, ਸ.ਰਜਿੰਦਰ ਸਿੰਘ ੨੦੦/-, ਬੀਬੀ ਸੁਰਿੰਦਰ ਕੌਰ ੧੦੦/-, ਸ.ਅਮਰੀਕ ਸਿੰਘ ੫੦/-, ਸ.ਹਰਦਿਆਲ ਸਿੰਘ ੫੦/-, ਸ.ਚਰਨ ਸਿੰਘ ੨੦੦/-, ਸ.ਹਰਭਜਨ ਸਿੰਘ ੧੦੦/-, ਬੀਬੀ ਤ੍ਰਿਪਤ ਕੌਰ ੩੦੦/-, ਸ.ਮਾਨ ਸਿੰਘ ੧੦੦/-, ਗੁਪਤ ੧੦੦/-, ਸ.ਨਿਰਮਲ ਸਿੰਘ ੨੦੦/-, ਸ.ਬਲਦੇਵ ਸਿੰਘ ੨੦੦/-, ਸ.ਅਵਤਾਰ ਸਿੰਘ ੫੦/-, ਏ.ਐਸ.ਪਾਹਵਾ ੧੦੦/-,

#੧੭੮੯, ਫੇਜ ੭=੫੦/-, ਸ.ਭਾਗ ਸਿੰਘ ੫੦/-, ਡਾ.ਅਤਰ ਸਿੰਘ ੫੦੦/-, ਸ.ਮਹਿੰਦਰ ਸਿੰਘ ੫੦/-, #੧੯੬੪, ਫੇਜ ੭=੨੦/-, ਗੁਪਤ ੧੦੦/-, ਬੀਬੀ ਬਲਵਿੰਦਰ ਕੌਰ ੧੦੦/-, # ੩੩੭, ਫੇਜ ੨=੧੦/-, ਸ.ਕੁਲਦੀਪ ਸਿੰਘ ੫੦/-, ਸ.ਜਸਵੰਤ ਸਿੰਘ ੧੦੦/-, ਸ.ਨਰਿੰਦਰ ਸਿੰਘ ੫੦/-, ਸ.ਗੁਰਵਿੰਦਰ ਸਿੰਘ ੫੦੦/-, ਸ.ਭੁਪਿੰਦਰ ਸਿੰਘ ੨੦੦/-, ਬੀਬੀ ਪਰਮਜੀਤ ਕੌਰ ੧੦੦/-, ਸ.ਮਸਤ ਸਿੰਘ ੫੦/-, ਸ.ਮਨਦੀਪ ਸਿੰਘ ੧੦੦/-, ਕੇ.ਪੀ.ਐਸ., ਆਰ-੨੮, ਫੇਜ ੭੪= ੧੦੦/-, ਸ.ਸਰਬਜੀਤ ਸਿੰਘ ੧੦੦/-, ਸ.ਬਲਦੇਵ ਸਿੰਘ ੨੦/-, ਸ.ਰਣਬੀਰ ਸਿੰਘ ੧੦੦/-, ਗੁਪਤ ੨੦/-, ਸ.ਗੁਰਮੇਲ ਸਿੰਘ ੧੦੦/-, ਸ.ਗੁਰਚਰਨ ਸਿੰਘ ੨੦/-, # ੪੫੬, ਫੇਜ ੨=੧੦੦/-, ਸ.ਗੁਰਬਚਨ ਸਿੰਘ ੫੦/-, ਸ.ਹਰਿੰਦਰ ਸਿੰਘ ੧੦੦/-, ਸ.ਇੰਦਰਜੀਤ ਸਿੰਘ ੧੦੦/-, ਬੀਬੀ ਇੰਦਰ ਕੌਰ ੧੦੦/-, ਸ.ਰਣਧੀਰ ਸਿੰਘ ੧੦੦/-, ਗੁਪਤ ੧੦੦/-, ਸ.ਹਰਭਜਨ ਸਿੰਘ ੫੦/-, ਬੀਬੀ ਗੁਰਬਚਨ ਕੌਰ ੫੦੦/-, ਬੀ.ਕੇ.ਫੈਸਨ ੧੦੦/-, ਸ.ਤੇਜ ਸਿੰਘ ੧੦੦/-, ਸ.ਬਚਿੱਤਰ ਸਿੰਘ ੫੦੦/-, ਬੀਬੀ ਕਮਲਜੀਤ ਕੌਰ ੮੦੦/-, ਸ.ਸਰਬਜੀਤ ਸਿੰਘ ੧੦੦/-, ਸ੍ਰੀ.ਏ.ਐਸ.ਵਾਲੀਆ ੧੦੦/-, ਸ.ਮਨਮੋਹਨ ਸਿੰਘ ੫੦/-, ਬੀਬੀ ਦਲਜੀਤ ਕੌਰ ੨੦੦/-, ਸ.ਗੁਰਦੇਵ ਸਿੰਘ ੧੦੦/-, ਸ.ਰਾਵਿੰਦਰ ਸਿੰਘ ੧੦੦/-, ਸ.ਹਰਿੰਦਰ ਸਿੰਘ ੨੦੦/-, ਸ.ਮੁਕੰਦਦੀਪ ਸਿੰਘ ੨੦੦/-, ਸ.ਸੋਹਨ ਸਿੰਘ ੧੦੦/-, ਬੀਬੀ ਪਰਵੀਨ ਕੌਰ ੫੦/-, ਸ.ਹਰਜੀਤ ਸਿੰਘ ੧੦੦/-, ਸ.ਪ੍ਰਿਤਪਾਲ ਸਿੰਘ ੪੦/-, ਕਰਨਲ ਅਵਤਾਰ ਸਿੰਘ ੫੦੦/-, ਬੀਬੀ ਸੁਰਜੀਤ ਕੌਰ ੧੦੦/-, ਮਜੈਸਟਿਕ ਪ੍ਰਿੰਟਿੰਗ ਪ੍ਰੈਸ ੧੦੦੦/-, ਸ.ਪਰਵਿੰਦਰਪਾਲ ਸਿੰਘ ੫੦/-, ਸ.ਲੈਂਬਰ ਸਿੰਘ ੨੦/-, ਸ.ਪਰਦੁਮਨ ਸਿੰਘ ੧੫੦/-, ਸ੍ਰੀ.ਪ੍ਰੀਤਮ ਦਾਸ ੧੦੦/-, ਸ.ਚਰਨਜੀਤ ਸਿੰਘ ੫੦੦/-, ਗੁਪਤ ੨੦/-, ਬੀਬੀ ਰਤਨ ਕੌਰ ੫੦੦/-, ਸ.ਨਛੱਤਰ ਸਿੰਘ ੧੦੦/-, ਸ.ਬਲਦੇਵ ਸਿੰਘ ੧੦੦/-, ਸ.ਤਰਲੋਚਨ ਸਿੰਘ ੮੦੦/-, ਸ.ਰਮਨਦੀਪ ਸਿੰਘ ੧੦੦/-, ਸ.ਕੁਲਦੀਪ ਸਿੰਘ ੨੦/-, ਗੁਪਤ ੨੦/-, ਸ.ਜੋਗਿੰਦਰ ਸਿੰਘ ੫੦/-, ਦੁਆਬਾ ਫੈਸਨ ੧੦੦/-, ਮਿਲਨ ਸ਼ਾਪ ੫੦/-, ਚੋਹਾਨ ਜਿਊਲਰਜ਼ ੧੦੦/-, ਸ.ਸੁਰਿੰਦਰ ਸਿੰਘ ੧੦੦/-, ਸ.ਗੁਰਦੀਪ ਸਿੰਘ ੫੦/-, ਸ.ਤਾਰਾ ਸਿੰਘ ੧੦੦/-, ਸ.ਹਰਬੰਸ ਸਿੰਘ ੨੦/-, ਸ.ਜੋਗਿੰਦਰ ਸਿੰਘ ੫੦/-, ਆਯੁਮੈਨ ਪਬਲਿਕ ਸਕੂਲ ੨੦/-, ਸ.ਸੁਰਿੰਦਰ ਸਿੰਘ ੫੦/-, ਸ.ਸਰਜੰਤ ਸਿੰਘ ੧੦੦/-, ਸ.ਦਵਿੰਦਰ ਸਿੰਘ ੧੦੦/-, ਸ.ਜਸਵੰਤ ਸਿੰਘ ੧੦੦/-, ਸ.ਹਰਜਿੰਦਰ ਸਿੰਘ ੧੦੦/-, ਸ.ਮਦਨਜੀਤ ਸਿੰਘ ੫੦/-, ਸ.ਕਰਮ ਸਿੰਘ ੧੦੦/-, ਬੀਬੀ ਜੋਗਿੰਦਰ ਕੌਰ ੨੦/-, ਜੀ.ਕੇ.ਸਟੇਸ਼ਨਰੀ ੨੦/-, ਨਾਗਪਾਲ ਡਿਪਾਰਟਮੈਂਟ ਸਟੋਰ ੧੦੦/-, ਅਕਾਲ ਓਪਟੀਕਲ ੧੦੦/-, , ਲਵਲੀ ਇਲੈਕਟ੍ਰੀਕਲ ੨੦/-, ਸ.ਬਲਦੇਵ ਸਿੰਘ ੧੦੦/-, ਬੀਬੀ ਕੈਲਾਸ਼ ਕੌਰ ੧੦੦/-, ਗੁਪਤ ੫੦/-, ਸ.ਸਤਨਾਮ ਸਿੰਘ ੧੦੦/-, ਸ.ਅਜੀਤ ਸਿੰਘ ੫੦/-, ਸ੍ਵਰਗਵਾਸੀ ਸੁਰਜੀਤ ਸਿੰਘ ੨੦੦/-, ਸ.ਮਨਿੰਦਰ ਸਿੰਘ ੧੦੦/-, ਸ.ਹਰਜੀਤ ਸਿੰਘ ੨੦੦/-, ਸ.ਭੁਪਿੰਦਰ ਸਿੰਘ ੧੦੦/-, ਸ.ਸੁਖਮਿੰਦਰ ਸਿੰਘ ੧੦੦/-, ਸ.ਜੋਗਿੰਦਰ ਸਿੰਘ ੧੦੦/-, ਬੀਬੀ ਅੰਮ੍ਰਿਤਪਾਲ ਕੌਰ ੧੦੦੦/-, ਸ.ਹਰਸ਼ਰਨ ਸਿੰਘ ੫੦/-, ਬੀਬੀ ਤ੍ਰਲੋਚਨ ਸਿੰਘ ੫੦੦/-, ਬੀਬੀ ਗਿਆਨ ਕੌਰ ੧੦੦/-, ਗੁਪਤ ੧੦੦੦/-, ਬੀਬੀ ਸੁਰਜੀਤ ਕੌਰ ੧੦੦/-, ਜੈਮ ਪਬਲਿਕ ਸਕੂਲ ੩੦੦/-, ਬੀਬੀ ਰਜਮਨਦੀਪ ਕੌਰ ੧੦੦/-, ਸ.ਦਾਰਾ ਸਿੰਘ ੫੦੦/-, ਗੁਪਤ ੧੦੦/-, ਨਾਰੰਗ ਬੈਗ ੨੦/-, ਬੀਬੀ ਗੁਰਪ੍ਰੀਤ ਕੌਰ ੧੦੦/-, **ਸ.ਹਰਦੀਪ ਸਿੰਘ ਚੰਡੀਗੜ੍ਹ ਅਤੇ ਮੋਹਾਲੀ ਰਾਹੀਂ** : ਜੀ.ਐਸ.ਉਬਰਾਏ ੫੦/-, ਸ.ਅਰਜਨ ਸਿੰਘ ੧੦੦੦/-, ਸ.ਸਰਦੂਲ ਸਿੰਘ ੧੦੦/-, ਸ.ਮੋਹਨ ਸਿੰਘ ੧੦੦/-, ਸ.ਅਲਬੇਲ ਸਿੰਘ ੧੦੦/-, ਮੋਹਨ ਸਿੰਘ ੫੦੦/-, ਸੇਠੀ ਪਰਿਵਾਰ ੧੦੦/-,ਸ.ਗੁਰਦਿਆਲ ਸਿੰਘ ੫੦/-, ਸ.ਸਤਬੀਰ ਸਿੰਘ ੫੦੦/-, ਬੀਬੀ ਮਨਜੀਤ ਕੌਰ ੫੦/-, ਬੀਬੀ ਮਨਜੀਤ ਕੌਰ ੩੧/-, ਬੀਬੀ ਮਨਜੀਤ ਕੌਰ ੨੦੦/-, ਸ੍ਰੀ.ਵਾਈ.ਪੀ.ਐਸ.ਆਲੂਵਾਲੀਆ ੨੦੦/-, ਸ.ਜਸਪ੍ਰੀਤ ਕੌਰ ੫੦੦/-, ਬੀਬੀ ਮਨਪ੍ਰੀਤ ਕੌਰ ੧੦੦/-, ਬੀਬੀ ਗੁਰਦੀਪ ਕੌਰ ੨੦੦/-, ਸ.ਨਰਿੰਦਰਪਾਲ ਸਿੰਘ ੫੦/-, ਸ.ਨਗੀਨਾ ਸਿੰਘ ੧੦੦/-, ਸ.ਸ਼ਮਸ਼ੇਰ ਸਿੰਘ ੨੦੦/-, ਸਡਾਨਾ ਜਨਰਲ ਸਟੋਰ ੫੦੦/-, ਬੀਬੀ ਹਰਬੰਸ ਕੌਰ ੫੦੦/-, **ਸ.ਮਨਿੰਦਰ ਸਿੰਘ ਚੰਡੀਗੜ੍ਹ ਰਾਹੀਂ** : ਸ.ਬਲਵੰਤ ਸਿੰਘ ੫੦੦/-, ਸ.ਕਰਨੈਲ ਸਿੰਘ ੧੦੦/-, ਗੁਪਤ ੫੦/-, ਲੇਟ ਸ.ਗੁਰਬਖਸ਼ ਸਿੰਘ ੫੦੦/-, ਸ.ਰਵਿੰਦਰ ਕੌਰ ੧੦੦/-, ਸ.ਜਸਵੰਤ ਸਿੰਘ ੫੦੦/-, ਭਾਟੀਆ ਜੀ ੨੦੦/-, ਸ.ਮਲਕੀਅਤ ਸਿੰਘ ੧੦੦/-, ਬੀਬੀ ਇਕਬਾਲ ਕੌਰ ੩੦੦/- , ਬੀਬੀ ਦਰਸ਼ਨ ਕੌਰ ੫੦੦/-,

# ਖਬਰਾਵਲੀ :

## ਅਫ਼ਗਾਨ ਸਿੱਖਾਂ ਵਲੋਂ ਭਾਰਤ ਸਰਕਾਰ ਤੋਂ 'ਮਲਟੀਪਲ ਵੀਜ਼ੇ' ਜਾਰੀ ਕਰਨ ਦੀ ਮੰਗ

ਅੰਮ੍ਰਿਤਸਰ, ੧੦ ਅਕਤੂਬਰ : ਅਫ਼ਗਾਨਿਸਤਾਨ ਦੀ ਰਾਜਧਾਨੀ ਕਾਬੁਲ 'ਚ ਹੋਏ ਅੱਤਵਾਦੀ ਹਮਲੇ ਤੋਂ ਬਾਅਦ ਮੌਜੂਦਾ ਸਮੇਂ ਉਥੇ ਸਿਰਫ਼ ਕੁਝ ਅਫ਼ਗਾਨ ਹਿੰਦੂ ਤੇ ਸਿੱਖ ਪਰਿਵਾਰ ਹੀ ਰਹਿ ਰਹੇ ਹਨ। ਉਹ ਉੱਥੇ ਸੁਰੱਖਿਅਤ ਨਹੀਂ ਹਨ ਅਤੇ ਉਨ੍ਹਾਂ ਨੇ ਭਾਰਤ ਸਰਕਾਰ ਤੋਂ ਮਲਟੀਪਲ ਵੀਜ਼ਾ ਜਾਰੀ ਕੀਤੇ ਜਾਣ ਦੀ ਮੰਗ ਕੀਤੀ ਹੈ। ਇਨ੍ਹਾਂ ਪਰਿਵਾਰਾਂ ਨੇ ਦੱਸਿਆ ਕਿ ਮੌਜੂਦਾ ਸਮੇਂ ਅਫ਼ਗਾਨਿਸਤਾਨ ਦੇ ਜਲਾਲਾਬਾਦ 'ਚ ਇਤਿਹਾਸਕ ਪਾਵਨ ਅਸਥਾਨ ਗੁਰਦੁਆਰਾ ਸ੍ਰੀ ਗੁਰੂ ਨਾਨਕ ਦਰਬਾਰ ਸਮੇਤ ਤਿੰਨ ਗੁਰਦੁਆਰੇ, ਕੰਧਾਰ 'ਚ ਦੋ ਗੁਰਦੁਆਰੇ ਅਤੇ ਗਜ਼ਨੀ 'ਚ ਗੁਰਦੁਆਰਾ ਕੋਟਲਾ ਸਾਹਿਬ ਸਮੇਤ ਦੋ ਗੁਰਦੁਆਰੇ ਮੌਜੂਦ ਹਨ। ਜਦਕਿ ਕੁੰਦੁਜ਼, ਸੁਲਤਾਨਪੁਰ (ਗੁਰਦੁਆਰਾ ਚਸ਼ਮਾ ਸਾਹਿਬ), ਸ਼ਰਾਹਗਾਹ ਅਤੇ ਜ਼ਬਰਸਰਾਜ਼ ਆਦਿ ਇਲਾਕਿਆਂ 'ਚ ਇਕ-ਇਕ ਗੁਰਦੁਆਰਾ ਹੈ। ਅਫ਼ਗਾਨ ਸਿੱਖਾਂ ਨੇ ਦੱਸਿਆ ਕਿ ਉਕਤ ਸਭ ਗੁਰਦੁਆਰੇ ਇਤਿਹਾਸਕ ਹਨ, ਇਸ ਲਈ ਉਹ ਇਨ੍ਹਾਂ ਨੂੰ ਕਿਸੇ ਵੀ ਹਾਲ 'ਚ ਤਾਲਿਬਾਨ ਸਰਕਾਰ ਦੇ ਭਰੋਸੇ ਨਹੀਂ ਛੱਡ ਕੇ ਆ ਸਕਦੇ। ਉਨ੍ਹਾਂ ਇਹ ਵੀ ਕਿਹਾ ਕਿ ਅਫ਼ਗਾਨਿਸਤਾਨ ਵਿਚਲੇ ਗੁਰਦੁਆਰਿਆਂ ਅਤੇ ਪ੍ਰਾਚੀਨ ਮੰਦਰਾਂ ਦੀ ਸੇਵਾ-ਸੰਭਾਲ ਦੀ ਸੇਵਾ-ਸੰਭਾਲ ਲਈ ਉਨ੍ਹਾਂ ਦਾ ਵਾਰ-ਵਾਰ ਆਉਣਾ ਜ਼ਰੂਰੀ ਹੈ, ਇਸ ਲਈ ਮਲਟੀਪਲ ਵੀਜ਼ਾ ਮਿਲਣ ਤੇ ਹੀ ਉਹ ਭਾਰਤ ਆ ਕੇ ਆਪਣੇ ਪਰਿਵਾਰਾਂ ਨਾਲ ਰਹਿਣ ਬਾਰੇ ਸੋਚ ਸਕਦੇ ਹਨ।

('ਰੋਜ਼ਾਨਾ ਅਜੀਤ' ਵਿਚੋਂ ਧੰਨਵਾਦ ਸਹਿਤ)

## ਸੰਸਥਾ ਦੇ ਕਾਰਜਾਂ ਲਈ ਸਤੰਬਰ 2023 ਵਿੱਚ ਆਨਲਾਇਨ ਆਈ ਸਹਾਇਤਾ

ਸ.ਰਨਬੀਰ ਸਿੰਘ ੫੦੦/-, ਗੁਪਤ ੧੦੦/-, ਸ.ਰਣਜੀਤ ਸਿੰਘ ੧੦੧/-, ਬੀਬੀ ਪ੍ਰਵੀਨ ਕੌਰ ੫੦੦/-, ਸ.ਤਲਵਿੰਦਰ ਸਿੰਘ ੧੦੦੦/-, ਸ.ਲਾਜਵੰਤ ਸਿੰਘ ੨੦੦/-, ਸ.ਜਗਰਾਜ ਸਿੰਘ ੫੦੦/-, ਗੁਪਤ ੧੧੦੦/-, ਗੁਪਤ ੧੦੦/-, ਸ.ਮੋਹਨ ਸਿੰਘ ੫੦੦/-, ਸ.ਚੰਨਕੰਵਲ ਸਿੰਘ ੫੯੫੩/-, ਸ.ਅਵਤਾਰ ਸਿੰਘ ੧੨੦/-, ਸ.ਪਰਮਜੀਤ ਸਿੰਘ ੧੧੦੦/-, ਸ.ਜਸਬੀਰ ਸਿੰਘ ੨੦੦/-, ਸ੍ਰੀ.ਐਮ.ਐਸ.ਖੇਲ ੩੨੦/-, ਸ੍ਰੀ.ਨਿਤਿਨ ੫੦੦/-, ਸ.ਵਿਵੇਕ ਸਿੰਘ ੨੦੦/-, ਗੁਪਤ ੨੦੦/-, ਸ.ਜਸਬੀਰ ਸਿੰਘ ੫੦੦੦/-, ਸ.ਸੁਰਿੰਦਰ ਸਿੰਘ ੧੦੧/-, ਸ.ਰਨਬੀਰ ਸਿੰਘ ੫੦੦/-, ਸ.ਭੁਪਿੰਦਰ ਸਿੰਘ ੧੯੦੦/-, ਗੁਪਤ (ਏ.ਟੀ.ਐਮ.) ੫੦੦/-, <u>ਸ.ਸੁਤੀਸ਼ਪਾਲ ਸਿੰਘ ਹੁਸ਼ਿਆਰਪੁਰ ਰਾਹੀਂ</u> : ਸ.ਦਵਿੰਦਰ ਸਿੰਘ ੧੦੦/-, ਗੁਪਤ ੨੦/-, ਪੰਜਾਬ : <u>ਚੋਗਾਵਾਂ ਦੀ ਸੰਗਤ ਵਲੋਂ</u> : ਬਾਬੂ ਜੀ (ਲਾਲ ਕਾਰ) ੧੦੦/-, ਫੌਜੀ ਹਾਰਡਵੇਅਰ ੧੦੦/-, ਡਾ.ਬਲਬੀਰ ਸਿੰਘ ੨੦/-, ਗੁਲਸ਼ਰਨ ਟੇਲਰਜ਼ ੨੦/-, ਭਾਟੀਆ ਗਾਰਮੈਂਟਸ ੨੦/-, ਖਾਲਸਾ ਜਰਨਲ ਸਟੋਰ ੨੦/-, ਮਿਸਤਰੀ ਜਸਬੀਰ ਸਿੰਘ ੧੦/-,

Date of Publication :1st & 2nd of every Month. Posted Through MB
P.O. Regn. G/CHD/0090/2021-2023
Regd. Newspaper R.N.I. PUNPUN/ 2000/3037
'ਗੁਰਬਾਣੀ ਚਾਨਣੁ' (ਮਾਸਿਕ ਪੱਤ੍ਰਿਕਾ)
If Undelivered Return to: Bhawan No. 6, Phase-3-A (Sec-53)
S.A.S. Nagar, MOHALI (Chandigarh) - 160059 (INDIA)

# ਤੁਖਾਰੀ ਛੰਤ ਮਹਲਾ ੧ ਬਾਰਹ ਮਾਹਾ ॥

(ਅੰਗ-੧੧੦੮)

## ਮਹੀਨਾ ਮੰਘਰ

**ਮੰਘਰ ਮਾਹੁ ਭਲਾ ਹਰਿ ਗੁਣ ਅੰਕਿ ਸਮਾਵਏ ॥ ਗੁਣਵੰਤੀ ਗੁਣ ਰਵੈ ਮੈ ਪਿਰੁ ਨਿਹਚਲੁ ਭਾਵਏ ॥ ਨਿਹਚਲੁ ਚਤੁਰੁ ਸੁਜਾਣੁ ਬਿਧਾਤਾ ਚੰਚਲੁ ਜਗਤੁ ਸਬਾਇਆ ॥ ਗਿਆਨੁ ਧਿਆਨੁ ਗੁਣ ਅੰਕਿ ਸਮਾਣੇ ਪ੍ਰਭ ਭਾਣੇ ਤਾ ਭਾਇਆ ॥ ਗੀਤ ਨਾਦ ਕਵਿਤ ਕਵੇ ਸੁਣਿ ਰਾਮ ਨਾਮਿ ਦੁਖੁ ਭਾਗੈ ॥ ਨਾਨਕ ਸਾ ਧਨ ਨਾਹ ਪਿਆਰੀ ਅਭ ਭਗਤੀ ਪਿਰ ਆਗੈ ॥੧੩॥**

ਮੱਘਰ ਦਾ ਮਹੀਨਾ ਚੰਗਾ ਲੱਗਦਾ ਹੈ ਕਿਉਂਕਿ ਜੀਵ-ਇਸਤਰੀ ਦੇ ਹਿਰਦੇ ਵਿੱਚ ਪ੍ਰਭੂ ਦੇ ਗੁਣ ਸਮਾ ਗਏ ਹਨ।

ਗੁਣਾਵੰਤੀ, ਗੁਣਾਂ ਨੂੰ ਗ੍ਰਹਿਣ ਕਰਨ ਵਾਲੀ ਜੀਵ ਇਸਤਰੀ ਪ੍ਰਭੂ ਦੇ ਗੁਣਾਂ ਦਾ ਧਿਆਨ ਧਰਦੀ ਹੈ ਇਸ ਤਰਾਂ ਉਹ ਆਖਦੀ ਹੈ ਕਿ ਸਦਾ ਥਿਰ ਰਹਿਣ ਵਾਲਾ ਪ੍ਰਭੂ ਮੈਨੂੰ ਚੰਗਾ ਲੱਗਦਾ ਹੈ।

ਸਦਾ ਥਿਰ ਰਹਿਣ ਵਾਲਾ, ਕਰਮਾਂ ਦਾ ਫਲ ਦਾਤਾ, ਚਤੁਰ ਤੇ ਸਿਆਣਾ ਹੈ। ਬਾਕੀ ਸਾਰਾ ਸੰਸਾਰ ਚਲਾਇਮਾਨ, ਨਾਸ਼ਮਾਨ ਹੈ।

ਜੀਵ ਇਸਤਰੀ ਦੇ ਅੰਦਰ ਗਿਆਨ, ਧਿਆਨ ਅਤੇ ਗੁਣ ਸਮਾਏ ਹੋਏ ਤਾਂ ਹੀ ਚੰਗੇ ਲੱਗਦੇ ਹਨ ਜੇਕਰ ਪ੍ਰਭੂ ਨੂੰ ਭਾਉਂਦੇ ਹੋਣ।

ਪ੍ਰਭੂ ਪ੍ਰਤੀ ਗੀਤ, ਕੀਰਤਨ, ਕਵਿਤਾ ਅਤੇ ਕਾਵਿ ਸੁਣ ਕੇ ਰਾਮ ਨਾਮ ਦੇ ਜਾਪ ਨਾਲ ਸਾਰੇ ਦੁੱਖ ਦੂਰ ਹੋ ਜਾਂਦੇ ਹਨ।

ਗੁਰੂ ਜੀ ਫਰਮਾਉਂਦੇ ਹਨ ਕਿ ਪ੍ਰਭੂ ਪਤੀ ਨੂੰ ਉਹੋ ਹੀ ਇਸਤਰੀ ਚੰਗੀ ਲੱਗਦੀ ਹੈ ਜਿਸ ਦੇ ਹਿਰਦੇ ਵਿੱਚ ਪ੍ਰਭੂ ਪ੍ਰਤੀ ਸੱਚੀ ਭਗਤੀ ਹੁੰਦੀ ਹੈ।